# ਅਧਿਆਇ 2

# ਪਰਮੇਸ਼ੁਰ ਦੀ ਸਾਖੀ ਦਾ ਪਰਚਾਰ ਕਰਨਾ

ਜਦੋਂ ਪੌਲੁਸ ਦਾ ਸਾਹਮਣਾ ਕੁਰਿੰਥੁਸ ਦੀ ਕਲੀਸੀਆ ਵਿੱਚ ਫੁੱਟਾਂ ਨਾਲ ਹੋਇਆ, ਉਸ ਨੇ ਬੁਨਿਆਦੀ ਕਾਰਣ ਨੂੰ ਪਛਾਣਨ ਦੁਆਰਾ ਸ਼ੁਰੂਆਤ ਕੀਤੀ: ਪਰਸਪਰ ਵਿਰੋਧੀ ਸਮੂਹ ਕੁਝ ਪਰਚਾਰਕਾਂ ਅਤੇ ਉਨ੍ਹਾਂ ਦੇ ਸਿੱਖਿਆ ਦੇਣ ਦੀਆਂ ਸ਼ੈਲੀਆਂ ਨੂੰ ਤਰਜੀਹਾਂ ਦੇ ਆਧਾਰ ਤੇ ਬਣਾਏ ਗਏ ਸਨ। ਸਭ ਤੋਂ ਪ੍ਰਸਿੱਧ ਮਾਪਦੰਡ ਜੋ ਸੜਕਸ਼ਾਪ ਫਿਲਾਸਫਰਾਂ ਤੇ ਲਾਗੂ ਕੀਤਾ ਜਾਂਦਾ ਸੀ ਰਸੂਲੀ ਗਵਾਹਾਂ ਦੀਆਂ ਸਾਖੀਆਂ ਦਾ ਮੁੱਲਾਂਕਣ ਕਰਨ ਦੇ ਲਈ ਵਰਤਿਆ ਗਿਆ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਕਲੀਸੀਆ ਵਿੱਚ ਖਲਬਲੀ ਮੱਚ ਗਈ। ਪੌਲੁਸ ਨੇ ਸੰਸਾਰ ਦੇ ਗਿਆਨ ਬਾਰੇ ਸਮਝ ਦੀ ਪਰਮੇਸ਼ੁਰ ਦੀ ਗਿਆਨ ਦੇ ਮੁੱਲਾਂਕਣ ਨਾਲ ਤੁਲਨਾ ਕਰਨ ਵਿੱਚ ਆਪਣਾ ਜੀ ਜਾਨ ਲਾ ਦਿੱਤਾ। ਪਰਮੇਸ਼ੁਰ ਨੇ ਸਲੀਬ ਉੱਤੇ ਯਿਸੂ ਦੀ ਮੌਤ ਦੇ ਰਾਹੀਂ ਕਿਰਪਾ ਦੀ ਸ਼ਕਤੀ ਨੂੰ ਪਰਗਟ ਕੀਤਾ ਸੀ। ਪਰਮੇਸ਼ੁਰ ਦਾ ਗਿਆਨ, ਜਿਵੇਂ ਕਿ ਉਮੀਦ ਕੀਤੀ ਗਈ ਸੀ, ਉਨ੍ਹਾਂ ਲੋਕਾਂ ਨੂੰ ਬਹੁਤ ਘੱਟ ਹੀ ਪਸੰਦ ਸੀ ਜਿਹੜੇ ਸੰਸਾਰ ਵਿੱਚ ਸ਼ਕਤੀ ਅਤੇ ਪ੍ਰਭਾਵ ਪ੍ਰਾਪਤ ਕਰਨ ਦੀ ਇੱਛਾ ਰੱਖਦੇ ਸਨ।

ਕੁਰਿੰਥੁਸ ਦੇ ਮਸੀਹੀ ਲੋਕ ਫੁੱਟ ਦੇ ਮਾਰੇ ਸਨ ਕਿਉਂਕਿ ਉਨ੍ਹਾਂ ਨੇ ਖੁਸ਼ਖ਼ਬਰੀ ਦੀ ਸਿੱਖਿਆ ਨੂੰ ਸਿਰਫ ਅੱਧ-ਅਧੂਰਾ ਸਵੀਕਾਰ ਕੀਤਾ ਸੀ। ਉਨ੍ਹਾਂ ਵਿੱਚ ਸਰੀਰਕ ਤੱਤਾਂ ਨੇ ਉਨ੍ਹਾਂ ਨੂੰ ਸਲੀਬ ਵਿੱਚ ਪਰਮੇਸ਼ੁਰ ਦੇ ਗਿਆਨ, ਧਾਰਮਿਕਤਾ, ਪਵਿੱਤਰਤਾਈ ਅਤੇ ਨਿਸਤਾਰੇ ਨੂੰ ਨਹੀਂ ਸੀ ਵੇਖਣ ਦਿੱਤਾ। ਰਸੂਲ ਨੇ ਆਪਣੇ ਪਰਚਾਰ ਨੂੰ ਉਨ੍ਹਾਂ ਦੇ ਅੱਗੇ ਇੱਕ ਅਪੀਲ ਨਾਲ ਪੂਰਾ ਕੀਤਾ ਜਿਹੜੇ ਸੰਸਾਰਕ ਗਿਆਨ ਵਿੱਚ ਮਗਨ ਸਨ: ਉਸ ਨੇ ਉਨ੍ਹਾਂ ਨੂੰ ਉਸ ਤਰੀਕੇ ਨੂੰ ਜਾਂਚਣ ਦੇ ਲਈ ਆਖਿਆ ਜਿਸ ਤਰੀਕੇ ਨਾਲ ਉਸ ਨੇ ਉਨ੍ਹਾਂ ਵਿੱਚ ਮਸੀਹ ਨੂੰ ਇੱਕ ਆਦਰਸ਼ ਦੇ ਰੂਪ ਵਿੱਚ ਪੇਸ਼ ਕੀਤਾ ਸੀ। ਉਸ ਨੇ ਨਾ ਸਿਰਫ ਉਨ੍ਹਾਂ ਨੂੰ ਖੁਸ਼ਖ਼ਬਰੀ ਦੇ ਬਾਰੇ ਸਿੱਖਿਆ ਦਿੱਤੀ ਸੀ, ਪਰ ਉਸ ਨੇ ਉਨ੍ਹਾਂ ਅੱਗੇ ਆਪਣੇ ਆਪ ਨੂੰ ਇੱਕ ਇਮਾਨਦਾਰ ਮਨੁੱਖ ਦੇ ਰੂਪ ਵਿੱਚ ਵਿਖਾਇਆ ਸੀ। ਪੌਲੁਸ ਨੇ ਸਲੀਬ ਦੇ ਮੁੱਲਾਂ ਨੂੰ ਅਪਨਾ ਇੱਕ ਨਮੂਨਾ ਪੇਸ਼ ਕੀਤਾ ਸੀ। ਉਸ ਦੀ ਪ੍ਰੇਰਣਾ ਨੂੰ ਇੱਕ ਭਾਵਵਾਚਕ ਸਿਧਾਂਤ ਵਜੋਂ ਪੇਸ਼ ਨਹੀਂ ਸੀ ਕੀਤਾ ਗਿਆ; ਇਸ ਨੂੰ ਜੀਵਨ ਦੇ ਇੱਕ ਨਿੱਜੀ ਰਾਹ ਦੇ ਰੂਪ ਵਿੱਚ ਪਰਗਟ ਕੀਤਾ ਗਿਆ ਸੀ। ਉਸ ਦੀ ਇੱਛਾ ਬਹਿਸ ਨੂੰ ਜਿੱਤਣਾ ਨਹੀਂ ਸੀ ਪਰ ਭਰਾਵਾਂ ਨੂੰ ਉਹ ਸਮਝਣ ਵਿੱਚ ਮਦਦ ਕਰਨਾ ਸੀ ਜੋ ਉਸ ਨੇ ਉਨ੍ਹਾਂ ਦੇ ਬਣਨ ਦੀ ਆਸ ਕੀਤੀ ਸੀ। ਰਸੂਲ ਉਸ ਸੱਚਾਈ ਦੇ ਇੱਕ ਉੱਚਿਤ ਅਵਤਾਰ ਦੇ ਰੂਪ ਵਿੱਚ ਆਪਣੇ ਆਪ ਨੂੰ ਅੱਗੇ ਲੈ ਜਾਣ ਤੋਂ ਝਿੱਜਕਿਆ ਨਹੀਂ ਸੀ ਜੋ ਉਸ ਨੇ

ਉਨ੍ਹਾਂ ਨੂੰ ਸਿਖਾਈ ਸੀ। ਉਸ ਨੇ ਆਪਣੇ ਪਾਠਕਾਂ ਨੂੰ ਉਸ ਦੇ ਜੀਵਨ ਨੂੰ ਜਾਂਚਣ ਦਾ ਸੱਦਾ ਦਿੱਤਾ ਸੀ।

## ਪੌਲੁਸ ਨੇ ਸੰਦੇਸ਼ ਦਾ ਬਚਾਓ ਕੀਤਾ (2:1-5)

**[1]ਹੇ ਭਰਾਵੋ, ਜਾਂ ਮੈਂ ਤੁਹਾਨੂੰ ਪਰਮੇਸ਼ੁਰ ਦੀ ਸਾਖੀ ਦੀ ਖਬਰ ਦਿੰਦਾ ਹੋਇਆ ਤੁਹਾਡੇ ਕੋਲ ਆਇਆ ਤਾਂ ਬਚਨ ਯਾ ਗਿਆਨ ਦੀ ਉੱਤਮਤਾਈ ਨਾਲ ਨਹੀਂ ਆਇਆ। [2]ਕਿਉਂ ਜੋ ਮੈਂ ਇਹ ਠਾਣ ਲਿਆ ਭਈ ਯਿਸੂ ਮਸੀਹ ਸਗੋਂ ਸਲੀਬ ਦਿੱਤੇ ਹੋਏ ਮਸੀਹ ਤੋਂ ਬਿਨਾ ਤੁਹਾਡੇ ਵਿੱਚ ਕਿਸੇ ਹੋਰ ਗੱਲ ਨੂੰ ਨਾ ਜਾਣਾਂ। [3]ਅਤੇ ਮੈਂ ਦੁਰਬਲਤਾਈ ਅਤੇ ਭੈ ਅਤੇ ਵੱਡੇ ਕਾਂਬੇ ਨਾਲ ਤੁਹਾਡੇ ਕੋਲ ਰਹਿੰਦਾ ਸਾਂ। [4]ਅਤੇ ਮੇਰਾ ਬਚਨ ਅਤੇ ਮੇਰਾ ਪਰਚਾਰ ਗਿਆਨ ਦੀਆਂ ਮਨਾਉਣ ਵਾਲੀਆਂ ਗੱਲਾਂ ਦੇ ਨਾਲ ਨਹੀਂ ਸਗੋਂ ਆਤਮਾ ਅਤੇ ਸਮਰੱਥਾ ਦੇ ਪਰਮਾਣ ਨਾਲ ਸੀ। [5]ਤਾਂ ਜੋ ਤੁਹਾਡੀ ਨਿਹਚਾ ਮਨੁੱਖਾਂ ਦੀ ਬੁੱਧ ਉੱਤੇ ਨਹੀਂ ਸਗੋਂ ਪਰਮੇਸ਼ੁਰ ਦੀ ਸਮਰੱਥਾ ਉੱਤੇ ਠਹਿਰੇ।**

**ਆਇਤ 1.** ਲਗਭਗ ਤਿੰਨ ਸਾਲ ਹੋ ਗਏ ਸਨ ਜਦੋਂ ਪੌਲੁਸ ਕੁਰਿੰਥੁਸ ਵਿੱਚ ਆਇਆ ਸੀ। ਜਿਵੇਂ ਕਿ ਅੱਜ ਦੇ ਮਿਸ਼ਨਰੀ ਗਵਾਹੀ ਦੇਣਗੇ, ਡਾਕਟ੍ਰਿਨ ਅਤੇ ਵਿਹਾਰ ਵਿੱਚ ਸਥਿਰਤਾ ਨੂੰ ਇੱਕ ਨਵੀਂ ਮੰਡਲੀ ਵਿੱਚ ਬਰਕਰਾਰ ਰੱਖਣਾ ਅਕਸਰ ਮੁਸ਼ਕਲ ਹੁੰਦਾ ਹੈ। ਪੌਲੁਸ ਨੇ ਵੀ ਆਪਣੇ ਸਮੇਂ ਵਿੱਚ ਸਥਿਤੀ ਨੂੰ ਵੱਖਰਾ ਨਹੀਂ ਪਾਇਆ। ਉਸ ਦੀ ਗੈਰ-ਮੌਜੂਦਗੀ ਵਿੱਚ, ਗੈਰ-ਯਹੂਦੀ ਸੱਭਿਆਚਾਰ ਦੇ ਤਰੀਕਿਆਂ ਨੇ ਉਸ ਤੇ ਆਕਰਮਣ ਕੀਤਾ ਸੀ ਜਿਸ ਦਾ ਪੌਲੁਸ ਨੇ ਕੁਰਿੰਥੁਸ ਵਿੱਚ ਪਰਚਾਰ ਕੀਤਾ ਸੀ। ਰਸੂਲ ਸਮਝ ਗਿਆ ਸੀ ਕਿ ਸੰਦੇਸ਼ ਅਤੇ ਸੰਦੇਸ਼ਵਾਹਕ ਮਜ਼ਬੂਤੀ ਨਾਲ ਉਸ ਦੇ ਪਾਠਕਾਂ ਦੇ ਮਨਾਂ ਵਿੱਚ ਬੁਣੇ ਹੋਏ ਸਨ। ਇਸ ਲਈ, ਉਸ ਨੇ ਆਪਣਾ ਧਿਆਨ ਪਰਮੇਸ਼ੁਰ ਦੀ "ਮੂਰਖਤਾਈ" ਅਤੇ ਸੰਸਾਰ ਦੇ "ਗਿਆਨ" (1:21-25) ਦੀ ਤੁਲਨਾ ਵੱਲੋਂ ਨਿੱਜੀ ਤੌਰ ਤੇ ਖੁਦ ਵੱਲ ਅਤੇ ਕੁਰਿੰਥੁਸ ਵਿੱਚ ਮਸੀਹੀ ਲੋਕਾਂ ਨੂੰ ਦਿੱਤੇ ਆਪਣੇ ਸ਼ੁਰੂਆਤੀ ਨਿਰਦੇਸ਼ ਵੱਲ ਮੋੜ ਲਿਆ।

ਉਸ ਦਾ ਪਰਚਾਰ ਬਿਨਾਂ ਦਿਖਾਵੇ ਤੋਂ ਸੀ। ਕੁਰਿੰਥੁਸ ਦੇ ਮਸੀਹੀ ਲੋਕ ਖੁਦ ਉਸ ਸੱਚਾਈ ਦੀ ਗਵਾਹੀ ਦੇ ਸਕਦੇ ਸਨ। ਉਸ ਨੇ ਉਨ੍ਹਾਂ ਤਰੀਕਿਆਂ ਦਾ ਇਸਤੇਮਾਲ ਨਹੀਂ ਸੀ ਕੀਤਾ ਜੋ ਬਾਜ਼ਾਰ ਵਿੱਚ ਤਰਕਸ਼ਾਸਤਰੀਆਂ ਦੁਆਰਾ ਇਸਤੇਮਾਲ ਕੀਤੇ ਜਾਂਦੇ ਸਨ। ਚਤੁਰ ਪੰਗਤੀਆਂ ਉਸ ਤਰੀਕੇ ਜਾਂ ਉਸ ਗੱਲ ਦਾ ਵਰਣਨ ਕਰਦੀਆਂ ਸਨ ਜੋ ਉਸ ਨੇ ਕਿਹਾ ਸੀ। ਜਿਹੜੇ ਅਲੰਕਾਰਕ ਪੇਸ਼ਕਾਰੀਆਂ ਦੁਆਰਾ ਆਪਣਾ ਮਨੋਰੰਜਨ ਕਰਨਾ ਭਾਲਦੇ ਸਨ ਜਾਂ ਭੇਤਾਂ ਦੁਆਰਾ ਉਲਝਣ ਵਿੱਚ ਪੈਣਾ ਚਾਹੁੰਦੇ ਸਨ ਉਨ੍ਹਾਂ ਨੂੰ ਹੋਰ ਕਿਸੇ ਪਾਸੇ ਵੱਲ ਨੂੰ ਮੁੜਨ ਦੀ ਲੋੜ ਸੀ। ਉਹ ਇੱਕ ਅਜਿਹਾ ਸਿੱਧਾ-ਸਾਦਾ ਵਿਅਕਤੀ ਸੀ ਜਿਹੜਾ ਸਿੱਧੇ-ਸਾਦੇ ਪਰਚਾਰ ਦੇ ਨਾਲ ਆਇਆ ਸੀ।

ਪੌਲੁਸ ਦਾ ਸਮੁੱਚਾ ਵਿਚਾਰ ਸਪੱਸ਼ਟ ਹੈ, ਪਰ ਦੋ ਵਿਆਖਿਆਤਮਕ ਗੱਲਾਂ ਤੇ ਸਪੱਸ਼ਟੀਕਰਨ ਉਸ ਦੇ ਵਿਚਾਰ ਦੀਆਂ ਬਾਰੀਕੀਆਂ ਦੀ ਵਿਆਖਿਆ ਕਰਨ ਵਿੱਚ ਮਦਦ ਕਰ ਸਕਦਾ ਹੈ। ਪਹਿਲਾ, ਅਨੁਵਾਦ ਕੀਤੇ ਗਏ ਸ਼ਬਦ **ਉੱਤਮਤਾਈ ਨਾਲ** (καθ' ὑπεροχὴν, *ਕਾਥ ਹੁਪਰੋਚੇਨ*) ਇੱਕਲੇ **ਬਚਨ** (λόγου, *ਲੋਗੋਉ*) ਦੀ ਸੋਧ ਕਰਨ ਦੇ ਲਈ ਕਿਹਾ ਜਾ ਸਕਦਾ ਹੈ, ਜਾਂ "ਬਚਨ" ਅਤੇ ਗਿਆਨ (σοφίας, *ਸੋਫੀਆਸ*)

ਦੋਹਾਂ ਨੂੰ ਸੋਧ ਕਰਨ ਦੇ ਲਈ ਸਮਝਿਆ ਜਾ ਸਕਦਾ ਹੈ। “ਉੱਤਮਤਾਈ ਨਾਲ” ਵਾਕ ਜੋ ਸੋਧ ਕਰਦਾ ਹੈ ਉਹ ਸਰਸਰੀ ਦਿਲਚਸਪੀ ਤੋਂ ਵੱਧ ਕੇ ਹੈ। “ਬਚਨ” ਅਤੇ “ਗਿਆਨ” ਦਾ ਆਪਸ ਵਿੱਚ ਸੰਬੰਧ ਹੈ, ਪਰ ਇਹ ਸ਼ਬਦ ਵਾਰਤਾਲਾਪ ਦੇ ਵੱਖ-ਵੱਖ ਪਹਿਲੂਆਂ ਤੇ ਜ਼ੋਰ ਦਿੰਦੇ ਹਨ। ਜਦ ਕਿ “ਬਚਨ” ਜਾਂ ਤਾਂ ਉਸ ਵਿਸ਼ੇ-ਵਸਤੂ ਦਾ ਹਵਾਲਾ ਦੇ ਸਕਦਾ ਹੈ ਜੋ ਇੱਕ ਵਿਅਕਤੀ ਕਹਿ ਰਿਹਾ ਹੈ ਜਾਂ ਫਿਰ ਇਸ ਦੇ ਕਹਿਣ ਦੇ ਤਰੀਕੇ ਦਾ, “ਗਿਆਨ” ਸੁਭਾਅ ਤੋਂ ਹੀ ਵਿਸ਼ੇ-ਵਸਤੂ ਬਾਰੇ ਹੈ। ਪੌਲੁਸ ਕੁਰਿੰਥੁਸ ਵਿੱਚ ਅਲੰਕਾਰ ਨਾਲ, ਚਤੁਰ ਫਿਲਾਸਫਰਾਂ ਦੇ ਕਾਲਪਨਿਕ ਬਚਨਾਂ ਨਾਲ ਨਹੀਂ ਸੀ ਆਇਆ, ਉਸ ਨੇ ਉਨ੍ਹਾਂ ਦੀ ਪੇਸ਼ਕਾਰੀ ਦੇ ਤਰੀਕੇ ਦੀ ਨਕਲ ਨਹੀਂ ਸੀ ਕੀਤੀ। ਇਸੇ ਕਾਰਨ, “ਉੱਤਮਤਾਈ” ਨੂੰ ਇਕੱਲੇ “ਬਚਨ” ਨਾਲ ਜੋੜਨਾ ਹੀ ਬਿਹਤਰ ਹੈ। ਰਸੂਲ ਨੇ ਇਹ ਵੀ ਜ਼ੋਰ ਦਿੱਤਾ ਸੀ ਕਿ ਉਹ ਉਹ ਗਿਆਨ ਨਾਲ ਆਇਆ ਸੀ, ਘੱਟੋ-ਘੱਟ ਗਿਆਨ ਨਾਲ ਨਹੀਂ, ਜਿਵੇਂ ਯੂਨਾਨੀ ਸੰਸਾਰ ਇਸ ਸ਼ਬਦ ਨੂੰ ਸਮਝਦਾ ਸੀ। NIV ਬਾਈਬਲ ਦਾ ਅਨੁਵਾਦ “ਉੱਤਮਤਾਈ” ਨੂੰ “ਬਚਨ” ਅਤੇ “ਗਿਆਨ” ਦੋਹਾਂ ਨਾਲ ਜੋੜਦਾ ਹੈ: “ਮੈਂ ਤੁਹਾਡੇ ਕੋਲ ਭਾਸ਼ਣ ਜਾਂ ਉੱਤਮਤਾਈ ਦੇ ਗਿਆਨ ਨਾਲ ਨਹੀਂ ਆਇਆ।” ਫਿਰ ਵੀ ਇਸ ਉਦਾਹਰਣ ਵਿੱਚ, NASB ਬਾਈਬਲ ਦਾ ਅਨੁਵਾਦ ਬਿਹਤਰ ਹੈ: “ਮੈਂ ਤੁਹਾਡੇ ਕੋਲ ਬਚਨ ਜਾਂ ਗਿਆਨ ਦੀ ਉੱਤਮਤਾਈ ਨਾਲ ਨਹੀਂ ਆਇਆ।”

ਦੂਜਾ ਵਿਆਖਿਆਤਮਕ ਸਵਾਲ ਲਿਖਤ ਦੀ ਪ੍ਰਕਾਰ ਨਾਲ ਸੰਬੰਧਤ ਹੈ। ਕੁਝ ਆਰੰਭਕ, ਉੱਚ ਸਮਝੀਆਂ ਜਾਣ ਵਾਲੀਆਂ ਹੱਥਲਿਖਤਾਂ ਵਿੱਚ 2:1 ਦੇ ਅੰਤ ਵਿੱਚ “ਪਰਮੇਸ਼ੁਰ ਦਾ ਭੇਤ” (μυστήριον τοῦ θεοῦ, *ਮਾਰਾਟੂਰੀਅਨ ਟੋਊ ਥੀਓਉ*) ਹੈ। ਹੋਰ ਬਹੁਤ ਸਾਰੀਆਂ ਹੱਥਲਿਖਤਾਂ ਵਿੱਚ ਪਰਮੇਸ਼ੁਰ ਦੀ ਸਾਖੀ (μαρτύριον τοῦ θεοῦ, *ਮਾਰਾਟੂਰੀਅਨ ਟੋਊ ਥੀਓਉ*) ਹੈ। NRSV ਬਾਈਬਲ ਅਨੁਵਾਦ ਕਰਨ ਵਾਲਾ “ਭੇਤ” ਦਿੰਦੀ ਹੈ ਪਰ ਜ਼ਿਆਦਾਤਰ ਅਨੁਵਾਦਾਂ ਵਿੱਚ “ਸਾਖੀ” ਹੈ। ਦੋਵੇਂ ਸ਼ਬਦ ਮੂਲ ਸੰਦਰਭ ਵਿੱਚ ਆਉਂਦੇ ਹਨ (1:6 ਵਿੱਚ “ਸਾਖੀ”; 2:7 ਵਿੱਚ “ਭੇਤ”)। ਚੋਣ ਕਰਨਾ ਮੁਸ਼ਕਲ ਹੈ। 2:1 ਵਿੱਚ ਪੌਲੁਸ ਦੀ ਗੱਲ ਕੁਰਿੰਥੁਸ ਦੇ ਲੋਕਾਂ ਦੇ ਅੱਗੇ ਮਸੀਹ ਨੂੰ ਪੇਸ਼ ਕਰਨ ਦੇ ਉਸ ਦੇ ਨਿੱਜੀ ਤਰੀਕੇ ਨਾਲ ਸੰਬੰਧ ਰੱਖਦੀ ਹੈ। “ਸਾਖੀ” ਪੜ੍ਹਨਾ ਬਿਹਤਰ ਅਨੁਵਾਦ ਹੈ ਕਿਉਂਕਿ ਇਹ ਜ਼ਿਆਦਾਤਰ ਉੱਚਿਤ ਤਰੀਕੇ ਨਾਲ ਉਸ ਵੱਲ ਇਸ਼ਾਰਾ ਕਰਦੀ ਹੈ ਜੋ ਰਸੂਲ ਨੇ ਕੀਤਾ ਸੀ।

**ਆਇਤ 2.** ਪੌਲੁਸ ਨੇ ਜੋ ਕੁਝ ਵੀ ਸਿਖਾਇਆ ਸਿਲਸਿਲੇਵਾਰ ਸੀ ਅਤੇ ਉਸ ਦੇ ਸੰਦੇਸ਼ ਦੀ ਮੁੱਖ ਸੱਚਾਈ ਵਿੱਚੋਂ ਬਾਹਰ ਨਿੱਕਲਿਆ ਸੀ: **ਯਿਸੂ ਮਸੀਹ ਸਗੋਂ ਸਲੀਬ ਦਿੱਤੇ ਹੋਏ ਮਸੀਹ**। ਰਸੂਲ ਨੇ ਜਾਣਬੁੱਝ ਕੇ ਉਸ ਸੰਦੇਸ਼ ਤੇ ਖੜ੍ਹਾ ਹੋਣਾ ਚੁਣਿਆ ਜੋ ਉਹ ਜਾਣਦਾ ਸੀ ਕਿ ਸੰਸਾਰ ਦੇ ਬੁੱਧਵਾਨ ਲੋਕਾਂ ਨੂੰ ਘਿਣਾਉਣਾ ਲੱਗੇਗਾ। ਉਸ ਦਾ ਉਦੇਸ਼ ਨਿੱਜੀ ਚੇਲੇ ਤਿਆਰ ਕਰਨਾ ਜਾਂ ਆਪਣੇ ਨਿੱਜੀ ਮਾਣ ਨੂੰ ਵਧਾਉਣਾ ਨਹੀਂ ਸੀ। ਉਨ੍ਹਾਂ ਫਿਰਤੂ ਉਪਦੇਸ਼ਕਾਂ ਦੀਆਂ ਚਾਲਾਂ ਨੂੰ ਅਪਨਾਉਣ ਨਾਲ ਜਿਹੜੇ ਕੁਰਿੰਥੁਸ ਦੇ ਵਿੱਚੋਂ ਦੀ ਗੁਜਰੇ ਸਨ ਬਹੁਤ ਸਾਰੇ ਲੋਕ ਪੌਲੁਸ ਦੇ ਪਿੱਛੇ ਚੱਲ ਸਕਦੇ ਸਨ, ਪਰ ਉਸ ਨੇ ਖੁਸ਼ਖ਼ਬਰੀ ਨਾਲ ਸਮਝੌਤਾ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਨੇ ਉਹ ਨੂੰ ਦਿੱਤੇ ਗਏ ਪਰਮੇਸ਼ੁਰ ਦੇ ਪਰਕਾਸ਼ ਅਨੁਸਾਰ ਬੋਲਣਾ ਚੁਣਿਆ। ਨਾ ਹੀ ਪ੍ਰਸਿੱਧੀ ਨਾ ਹੀ ਆਰਥਿਕ ਹਿੱਤਾਂ ਨੇ ਉਸ ਨੂੰ ਬੋਲਣ ਦੇ ਲਈ ਮਜ਼ਬੂਰ ਕੀਤਾ ਸੀ। ਪੌਲੁਸ ਨੇ ਕੁਰਿੰਥੀਆਂ ਨੂੰ ਉਸ ਦੇ ਲਈ ਸਾਖੀ ਦੇਣ ਦੇ ਲਈ ਆਖਿਆ। ਉਸ ਨੇ ਉਸ ਸੰਦੇਸ਼ ਦੀ ਸੱਚਾਈ ਨਾਲ ਸਮਝੌਤਾ ਕਰਨ ਦੇ ਲਈ ਕੁਝ ਵੀ ਨਹੀਂ ਸੀ ਕੀਤਾ ਜਿਸ ਦਾ ਪਰਚਾਰ ਕਰਨ ਦੇ ਲਈ ਮਸੀਹ ਨੇ ਉਸ ਨੂੰ ਦਿੱਤਾ ਸੀ, ਸੰਦੇਸ਼ ਜਿਸ ਦਾ ਨਤੀਜਾ ਉਨ੍ਹਾਂ ਦੀ

ਪਵਿੱਤਰਤਾਈ ਨਿੱਕਲਿਆ ਸੀ।

ਰਸੂਲ ਦੀਆਂ ਗੱਲਾਂ ਵਿੱਚ ਉਪ-ਵਿਸ਼ਾ ਇਹ ਸੀ ਕਿ ਉਹ ਇਹ ਚਾਹੁੰਦਾ ਸੀ ਕਿ ਕੁਰਿੰਥੁਸ ਦੇ ਲੋਕ ਉਸ ਦੇ ਨਮੂਨੇ ਤੇ ਚੱਲਣ। ਉਨ੍ਹਾਂ ਨੇ ਵਿਅਕਤੀਗਤ ਮਹਿਮਾ ਦੇ ਪਿੱਛੇ ਕਰਨ ਵਾਲੇ ਆਪਣੇ ਉਦੇਸ਼ਾਂ ਨੂੰ ਵੀ ਤਿਆਗਣਾ ਸੀ। ਉਨ੍ਹਾਂ, ਉਸ ਦੇ ਵਾਂਗ, ਈਮਾਨਦਾਰ ਲੋਕ ਬਣਨਾ ਸੀ ਜਿਹੜੇ ਸੱਚਾਈ ਦੇ ਸੱਚ ਹੋਣ ਤੋਂ ਇਲਾਵਾ ਕਿਸੇ ਹੋਰ ਕਾਰਣ ਕਰਕੇ ਸੱਚਾਈ ਨਹੀਂ ਸੀ ਬੋਲਦੇ। ਉਨ੍ਹਾਂ ਨੂੰ ਇਹ ਸਿੱਖਣ ਦੀ ਲੋੜ ਸੀ ਕਿ ਮਸੀਹ ਨੂੰ ਅਪਨਾਉਣ ਦਾ ਅਰਥ ਸੰਸਾਰ ਦੁਆਰਾ ਦਿੱਤੇ ਜਾਣ ਵਾਲੇ ਸ਼ਕਤੀ ਅਤੇ ਗਿਆਨ ਦੇ ਆਦਰਸ਼ਾਂ ਨੂੰ ਰੱਦ ਕਰਨਾ ਸੀ। ਇਹ ਕਿ ਯਿਸੂ ਮਸੀਹ ਉਨ੍ਹਾਂ ਦੇ ਲਈ ਸਲੀਬ ਦਿੱਤਾ ਗਿਆ ਸੀ ਉਨ੍ਹਾਂ ਦੇ ਮਹਿਮਾ ਦੇ ਲਈ ਸੀ। ਉਨ੍ਹਾਂ ਦੇ ਲਈ ਸੰਸਾਰ ਦੇ ਬੁੱਧਵਾਨਾਂ ਨੂੰ ਉਨ੍ਹਾਂ ਨੂੰ ਸ਼ਰਮਿੰਦਾ ਕਰਨ ਦੇਣਾ ਪਰਮੇਸ਼ੁਰ ਦੇ ਗਿਆਨ ਵੱਲੋਂ ਉਨ੍ਹਾਂ ਦੇ ਮੂੰਹ ਨੂੰ ਮੋੜਨਾ ਸੀ। ਜਦੋਂ ਕਲੀਸੀਆ ਮਸੀਹ ਦੀ ਸਲੀਬ ਦੇ ਆਲੇ-ਦੁਆਲੇ ਇਕੱਠੀ ਹੋ ਕੇ ਇੱਕ ਹੋ ਜਾਵੇਗੀ ਤਾਂ ਛੋਟੀਆਂ-ਮੋਟੀਆਂ ਗੱਲਾਂ ਜਿਨ੍ਹਾਂ ਦੇ ਕਾਰਨ ਉਨ੍ਹਾਂ ਵਿੱਚ ਫੁੱਟ ਪੈਂਦੀ ਹੈ ਉਨ੍ਹਾਂ ਨੂੰ ਤੰਗ ਕਰਨਾ ਬੰਦ ਕਰ ਦੇਣਗੀਆਂ।

**ਆਇਤ 3.** ਉਹ ਸਭ ਕੁਝ ਜੋ ਪੌਲੁਸ ਨੇ ਗਿਆਨ ਅਤੇ ਮੂਰਖਤਾਈ ਦੇ ਬਾਰੇ ਕਿਹਾ ਸੀ ਕਲੀਸੀਆ ਵਿੱਚ ਫੁੱਟਾਂ ਦੀ ਮੌਜੂਦਗੀ ਦੇ ਪ੍ਰਤੀ ਉਸ ਦਾ ਜਵਾਬ ਸੀ। ਰਸੂਲ ਗਿਆਨ ਬਾਰੇ ਭਾਵਵਾਚਕ ਸਿਧਾਂਤ ਨਹੀਂ ਸੀ ਦੇ ਰਿਹਾ। ਬਿਨਾਂ ਕਿਸੇ ਝਿੱਜਕ ਦੇ, ਪੌਲੁਸ ਨੇ ਆਪਣੀ ਖੁਦ ਦੀ ਤੁਲਨਾ ਉਸ ਕੋਮਲ ਸੂਝ ਨਾਲ ਨਹੀਂ ਕੀਤੀ ਜਿਸ ਦੀ ਉਮੀਦ ਕੁਰਿੰਥੁਸ ਦੇ ਲੋਕ ਪੇਸ਼ੇਵਰ ਫਿਲਾਸਫਰਾਂ ਅਤੇ ਬੁਲਾਰਿਆਂ ਤੋਂ ਕਰਦੇ ਸਨ। ਉਨ੍ਹਾਂ ਤੋਂ ਭਿੰਨ, ਉਹ ਇਹ ਵਿਖਾਉਣਾ ਚਾਹੁੰਦਾ ਸੀ ਕਿ ਉਹ ਡਰਿਆ ਹੋਇਆ ਅਤੇ ਕਮਜ਼ੋਰ ਸੀ। ਕੁਰਿੰਥੁਸ ਦੇ ਲੋਕਾਂ ਨੇ ਚੇਤੇ ਕੀਤਾ ਕਿ ਉਹ ਉਨ੍ਹਾਂ ਨਾਲ **ਦੁਰਬਲਤਾਈ ਅਤੇ ਭੈ ਅਤੇ ਵੱਡੇ ਕਾਂਬੇ ਨਾਲ ਰਹਿੰਦਾ ਸੀ**। ਗਲਾਤਿਯਾ ਵਿੱਚ ਮਸੀਹੀ ਲੋਕਾਂ ਨੂੰ, ਉਸ ਨੇ ਲਿਖਿਆ ਸੀ, ". . . ਤੁਸੀਂ ਜਾਣਦੇ ਹੋ ਜੋ ਮੈਂ ਸਰੀਰ ਦੀ ਮਾਂਦਗੀ ਕਰਕੇ ਪਹਿਲੀ ਵਾਰ ਤੁਹਾਨੂੰ ਖੁਸ਼ ਖਬਰੀ ਸੁਣਾਈ ਅਤੇ ਉਹ ਜੋ ਮੇਰੇ ਸਰੀਰ ਵਿੱਚ ਤੁਹਾਡੇ ਲਈ ਇੱਕ ਪਰਤਾਵਾ ਸੀ ਉਹ ਨੂੰ ਤੁਸਾਂ ਤੁੱਛ ਨਾ ਜਾਣਿਆ . . ." (ਗਲਾਤੀਆਂ 4:13, 14)। ਇਹ ਮਨੁੱਖ ਜਿਸ ਨੇ ਉਨ੍ਹਾਂ ਨੂੰ ਖੁਸ਼ਖ਼ਬਰੀ ਸੁਣਾਈ ਸੀ ਸਰੀਰਕ ਹੀਰੋ ਨਹੀਂ ਸੀ, ਨਾ ਹੀ ਮਿੱਠੀਆਂ-ਮਿੱਠੀਆਂ ਗੱਲਾਂ ਬੋਲਣ ਵਾਲਾ ਬੁਲਾਰਾ, ਨਾ ਹੀ ਇੱਕ ਪ੍ਰਸਿੱਧ ਉਪਦੇਸ਼ਕ ਅਤੇ ਨਾ ਹੀ ਵਪਾਰੀ ਸੀ। "ਸਲੀਬ ਦਾ ਇਹ ਸੁਭਾਅ ਹੈ ਕਿ (ਖੁਸ਼ਖ਼ਬਰੀ) ਦਾ ਪਰਚਾਰ ਸੁੰਦਰ ਢੰਗ ਨਾਲ ਅਤੇ ਸ਼ਾਨਦਾਰ ਢੰਗ ਨਾਲ ਨਹੀਂ, ਸਿਰਫ ਨਿਰਬਲਤਾਈ ਵਿੱਚ ਕੀਤਾ ਜਾ ਸਕਦਾ ਹੈ।"[1]

ਆਪਣੇ ਸ਼ਬਦਾਂ ਨੂੰ ਹੋਰ ਸ਼ਕਤੀ ਪ੍ਰਦਾਨ ਕਰਨ ਦੇ ਲਈ, ਰਸੂਲ ਨੇ ਆਪਣੇ ਪਾਠਕਾਂ ਨੂੰ ਕੁਰਿੰਥੁਸ ਵਿੱਚ ਆਪਣੇ ਪਹਿਲੀ ਵਾਰ ਆਉਣ ਬਾਰੇ ਚੇਤੇ ਕਰਾਇਆ (ਇਨ੍ਹਾਂ ਘਟਨਾਵਾਂ ਦਾ ਖੁਲਾਸਾ ਰਸੂਲਾਂ ਦੇ ਕਰਤੱਬ 18 ਅਧਿਆਇ ਵਿੱਚ ਕੀਤਾ ਗਿਆ ਹੈ)। ਉਹ ਅਥੇਨੈ ਵਿੱਚ ਉਹ ਕੰਮ ਕਰਨ ਤੋਂ ਬਾਅਦ ਜਿਹੜਾ ਫਲਰਹਿਤ ਪ੍ਰਤੀ ਪ੍ਰਤੀਤ ਹੁੰਦਾ ਸੀ ਨਵਾਂ-ਨਵਾਂ ਕੁਰਿੰਥੁਸ ਵਿੱਚ ਆਇਆ ਸੀ। ਉਸ ਦੇ ਸਾਥੀ, ਤਿਮੋਥਿਉਸ ਅਤੇ ਸੀਲਾਸ, ਮਕਦੂਨਿਯਾ ਵਿੱਚ ਕਲੀਸੀਆਵਾਂ ਸਥਾਪਤ ਕਰ ਰਹੇ ਸਨ। ਪੌਲੁਸ ਇਕੱਲਾ ਕੁਰਿੰਥੁਸ ਵਿੱਚ ਆਇਆ ਸੀ। ਉਸ ਨੇ ਮਸੀਹੀ ਲੋਕਾਂ ਨੂੰ ਉਨ੍ਹਾਂ ਆਰੰਭਕ ਦਿਨਾਂ ਦੇ ਬਾਰੇ ਚੇਤੇ ਕਰਾਇਆ ਤਾਂ ਕਿ ਉਹ ਉਸ ਮਨੁੱਖ ਨੂੰ ਗਵਾਹੀ ਦੇ ਸਕਣ ਜਿਹੜਾ ਉਸ ਦੇ ਨਾਲ ਬੁੱਧਵਾਨ ਅਤੇ ਹੁਸ਼ਿਆਰ ਵਿਅਕਤੀ ਦਾ ਕੋਈ ਵੀ ਪ੍ਰਮਾਣ-ਪੱਤ੍ਰ ਨਹੀਂ ਸੀ ਲੈ ਕੇ ਆਇਆ। ਜਿੱਥੋਂ ਤੱਕ ਪੌਲੁਸ ਦਾ ਸੰਬੰਧ ਹੈ, ਮਸੀਹ

ਵਿੱਚ ਹੋਣਾ ਅਤੇ ਉਸ ਦਾ ਪਰਚਾਰ ਕਰਨਾ ਉਸ ਪ੍ਰਸਿੱਧੀ ਅਤੇ ਸ਼ਕਤੀ ਨੂੰ ਨਾਮਨਜ਼ੂਰ ਕਰਨਾ ਸੀ ਜਿਵੇਂ ਕਿ ਸੰਸਾਰ ਇਸ ਨੂੰ ਪਰਿਭਾਸ਼ਿਤ ਕਰਦਾ ਸੀ।

**ਆਇਤ 4.** ਰਸੂਲ ਦੋਹਾਂ ਵਿਚਕਾਰ ਇੱਕ ਤਿੱਖੀ ਤੁਲਨਾ ਕਰਨਾ ਚਾਹੁੰਦਾ ਸੀ ਜਦੋਂ ਉਸ ਨੇ ਕੁਰਿੰਥੀਆਂ ਨੂੰ ਉਸ ਦੇ **ਬਚਨ** ਅਤੇ **ਪਰਚਾਰ** ਦੇ ਬਾਰੇ ਚੇਤੇ ਕਰਾਇਆ। ਦੂਜੇ ਬੁਲਾਰਿਆਂ ਅਤੇ ਲੇਖਕਾਂ ਦੇ ਵਾਂਗ, ਪੌਲੁਸ ਨੇ ਸਾਹਿਤਿਕ ਜੰਤਰ ਦੁਆਰਾ ਜਿਸ ਨੂੰ "ਦੁਹਰਾਉਣਾ," ਜ਼ੋਰ ਲਈ ਨਿਰਾਰਥਕਤਾ ਦੀ ਜਾਣਬੁੱਝ ਕੇ ਕੀਤੀ ਵਰਤੋਂ ਦੇ ਵਸੀਲਿਆਂ ਦੁਆਰਾ ਸ਼ਬਦਾਂ ਤੇ ਬਲ ਦਿੱਤਾ। "ਬਚਨ" ਅਤੇ "ਪਰਚਾਰ" ਦੋਵੇਂ ਸ਼ਬਦਾਂ ਨੂੰ ਜੇਕਰ ਇਕੱਠਿਆ ਲਿਆ ਜਾਵੇ ਤਾਂ ਇਹ ਪੂਰਨਤਾ ਉਸੇ ਭਾਵ ਨੂੰ ਪਰਗਟ ਕਰਦਾ ਹੈ ਜੋ ਪੌਲੁਸ ਉਨ੍ਹਾਂ ਤੱਕ ਪਹੁੰਚਾਉਣਾ ਚਾਹੁੰਦਾ ਸੀ। ਉਸ ਦੀ ਸਿੱਖਿਆ **ਗਿਆਨ ਦੀਆਂ ਮਨਾਉਣ ਵਾਲੀਆਂ ਗੱਲਾਂ ਦੇ ਨਾਲ ਨਹੀਂ**, ਨਾ ਹੀ ਉਸ ਨੇ ਇਹ ਭਾਸ਼ਣਾ ਦੀ ਬੁਛਾੜਾਂ ਨਾਲ ਪੇਸ਼ ਕੀਤਾ ਜਿਸ ਨੂੰ ਕੁਰਿੰਥੁਸ ਦੇ ਲੋਕ ਉਨ੍ਹਾਂ ਵਿਵਾਦੀਆਂ ਕੋਲੋਂ ਸੁਣਨ ਦੇ ਆਦੀ ਸਨ ਜਿਹੜੇ ਸ਼ਹਿਰ ਦੇ ਵਿੱਚੋਂ ਦੀ ਲੰਘੇ ਸਨ। ਬਜਾਇ ਇਸ ਦੇ, ਪੌਲੁਸ ਨੇ ਕਿਹਾ, ਉਸ ਦਾ ਪਰਚਾਰ **ਆਤਮਾ ਅਤੇ ਸਮਰੱਥਾ ਦੇ ਪਰਮਾਣ ਨਾਲ ਸੀ**।

"ਪਰਮਾਣ" ਜਿਨ੍ਹਾਂ ਦਾ ਉਸ ਨੇ ਹਵਾਲਾ ਦਿੱਤਾ ਸੀ, ਬੇਸ਼ੱਕ, ਉਹ ਚਮਤਕਾਰ ਹਨ ਜਿਨ੍ਹਾਂ ਨੂੰ ਉਸ ਦੇ ਪਾਠਕਾਂ ਨੇ ਉਸ ਨੂੰ ਕਰਦਿਆਂ ਵੇਖਿਆ ਸੀ। ਰਸੂਲਾਂ ਦੇ ਕਰਤੱਬ 18 ਅਧਿਆਇ ਪੌਲੁਸ ਦੁਆਰਾ ਕੁਰਿੰਥੁਸ ਵਿੱਚ ਕੀਤੇ ਚਮਤਕਾਰਾਂ ਦਾ ਕੋਈ ਰਿਕਾਰਡ ਨਹੀਂ ਹੈ, ਪਰ ਬਾਅਦ ਵਿੱਚ ਉਹ ਸ਼ਹਿਰ ਦੀ ਕਲੀਸੀਆ ਨੂੰ ਲਿਖੇਗਾ, "ਰਸੂਲਾਂ ਦੇ ਨਿਸ਼ਾਨ ਪੂਰੀ ਧੀਰਜ ਨਾਲ ਨਿਸ਼ਾਨੀਆਂ, ਅਚੰਭਿਆਂ ਅਤੇ ਕਰਾਮਾਤਾਂ ਤੋਂ ਤੁਹਾਡੇ ਵਿੱਚ ਠੀਕ ਵਿਖਾਏ ਗਏ" (2 ਕੁਰਿੰਥੀਆਂ 12:12; ਵੇਖੋ ਗਲਾਤੀਆਂ 3:5)। ਅਲੰਕਾਰਕ ਫਾਰਮੂਲਿਆਂ ਨੇ ਨਹੀਂ ਪਰ ਆਤਮਾ ਦੀ ਸਾਖੀ ਇਹ ਉਸ ਸੱਚਾਈ ਦੇ ਬਾਰੇ ਪੁਸ਼ਟੀ ਕੀਤੀ ਸੀ ਜੋ ਪੌਲੁਸ ਕੁਰਿੰਥੀਆਂ ਨੂੰ ਸਿਖਾ ਰਿਹਾ ਸੀ।

ਰਸੂਲ ਉਸ ਸੰਦੇਸ਼ ਤੋਂ ਅਲੱਗ ਨਹੀਂ ਖੜ੍ਹਾ ਹੋਵੇਗਾ ਜਿਸ ਦਾ ਉਸ ਨੇ ਪਰਚਾਰ ਕੀਤਾ ਸੀ। ਉਹ ਖੁਦ, ਉਸ ਦਾ ਚਰਿੱਤਰ, ਉਸ ਦੀ ਪ੍ਰਤਿਸ਼ਠਾ, ਪਰਮੇਸ਼ੁਰ ਨਾਲ ਉਸ ਦਾ ਰਿਸ਼ਤਾ ਅਤੇ ਮਸੀਹ ਵਿੱਚ ਉਸ ਦੀ ਆਸ ਸਭ ਦੇ ਸਭ ਉਸ ਸੰਦੇਸ਼ ਦਾ ਹਿੱਸਾ ਸਨ ਜਿਸ ਦਾ ਉਸ ਨੇ ਕੁਰਿੰਥੁਸ ਵਿੱਚ ਪਰਚਾਰ ਕੀਤਾ ਸੀ। ਪੌਲੁਸ ਨੇ ਸਿਰਫ ਮਸੀਹ ਦੀ ਦੇਹ ਦੀ ਏਕਤਾ ਦੇ ਸੰਬੰਧ ਵਿੱਚ ਖੁਦ ਦਾ ਬਚਾਅ ਕੀਤਾ ਸੀ। ਉਸ ਦੀ ਚਿੰਤਾ ਗੁੱਟਬਾਜ਼ੀ ਦਾ ਆਤਮਾ ਸੀ ਜਿਸ ਦੇ ਨਤੀਜੇ ਵਜੋਂ ਕੁਰਿੰਥੁਸ ਦੀ ਕਲੀਸੀਆ ਵਿੱਚ ਫੁੱਟਾਂ ਸਨ। ਫੁੱਟ ਦੇ ਕਾਰਣਾਂ ਦੀ ਖੋਹ ਵਿੱਚ, ਉਸ ਨੇ ਆਪਣੇ ਪਾਠਕਾਂ ਨੂੰ ਗਿਆਨ ਅਤੇ ਸਲੀਬ ਦੀ ਮੂਰਖਤਾਈ ਤੇ ਵਿਚਾਰ ਕਰਨ ਦੀ ਬੇਨਤੀ ਕੀਤੀ ਸੀ। ਪੌਲੁਸ ਨੇ "ਸੱਚੇ ਗਿਆਨ" ਦੇ ਅਰਥ ਦੇ ਅਲੰਕਾਰਕ ਵਿਚਾਰਾਂ ਤੇ ਸ਼ਬਦਾਂ ਨੂੰ ਵਿਅਰਥ ਨਹੀਂ ਸੀ ਕੀਤਾ। ਕਲੀਸੀਆ ਦੀ ਸ਼ਾਂਤੀ, ਪਰਮੇਸ਼ੁਰ ਦੇ ਲੋਕਾਂ ਦੀ ਇੱਕਜੁਟਤਾ ਨੇ ਉਸ ਨੂੰ ਲਿਖਣ ਦੀ ਪ੍ਰੇਰਣਾ ਦਿੱਤੀ ਸੀ। ਸੱਚੇ ਗਿਆਨ ਦਾ ਸੰਬੰਧ ਵਿਸ਼ਵਾਸੀਆਂ ਵਿੱਚ ਏਕਤਾ ਅਤੇ ਸਦਭਾਵਨਾ ਨਾਲ ਸੀ।

**ਆਇਤ 5.** ਪੌਲੁਸ ਨੇ ਆਪਣੇ ਵਿਚਾਰ ਨੂੰ ਉਸ ਦੇ ਪਰਚਾਰ ਅਤੇ ਉਦਾਹਰਣ ਤੋਂ ਕੁਰਿੰਥੀਆਂ ਦੀ ਨਿਹਚਾ ਵੱਲ ਨੂੰ ਮੋੜ ਦਿੱਤਾ। ਉਸ ਨੇ ਉਨ੍ਹਾਂ ਨੂੰ ਸਿੱਖਿਆ ਦਿੱਤੀ ਸੀ ਅਤੇ ਇਸ ਤਰ੍ਹਾਂ ਦਾ ਵਿਹਾਰ ਕੀਤਾ ਸੀ **ਤਾਂ ਜੋ** [ਉਨ੍ਹਾਂ ਦੀ] **ਨਿਹਚਾ** ਦਾ ਨਤੀਜਾ ਮੁਕਤੀ ਹੋਵੇ। ਜਿਵੇਂ ਕਿ ਰਸੂਲ ਦੀ ਨਿਹਚਾ **ਮਨੁੱਖਾਂ ਦੀ ਬੁੱਧ ਉੱਤੇ ਨਹੀਂ ਸਗੋਂ ਪਰਮੇਸ਼ੁਰ ਦੀ ਸਮਰੱਥਾ**

**ਉੱਤੇ ਠਹਿਰੀ**, ਨਾ ਹੀ ਕੁਰਿੰਥੁਸ ਦੇ ਵਿਸ਼ਵਾਸੀਆਂ ਦੀ ਨਿਹਚਾ ਮਨੁੱਖਾਂ ਦੀ ਬੁੱਧ ਉੱਤੇ ਠਹਿਰੀ। ਪਵਿੱਤਰ ਆਤਮਾ ਪੌਲੁਸ ਦੀ ਬੁੱਧ ਦਾ ਸ੍ਰੋਤ ਸੀ (2:10) ਅਤੇ ਆਤਮਾ ਕੁਰਿੰਥੁਸ ਦੇ ਲੋਕਾਂ ਨੂੰ ਉਸ ਦੇ ਆਪਣੇ ਸ਼ਬਦਾਂ ਵਿੱਚ ਬੁੱਧ ਪ੍ਰਦਾਨ ਕਰੇਗਾ। ਉਹ ਇਕੱਠੇ ਮਿਲ ਕੇ ਸਲੀਬ ਦੇ ਨਿਸਤਾਰੇ ਵਿੱਚ ਸਾਂਝੀ ਹੋਣਗੇ। ਪੌਲੁਸ ਨੇ ਬੁੱਧ ਦੇ ਲਈ ਮਨੁੱਖੀ ਦਾਅਵਿਆਂ ਨੂੰ ਠੁਕਰਾ ਦਿੱਤਾ ਸੀ ਅਤੇ ਉਹ ਚਾਹੁੰਦਾ ਸੀ ਕਿ ਕੁਰਿੰਥੁਸ ਦੇ ਲੋਕ ਵੀ ਉਸੇ ਤਰ੍ਹਾਂ ਹੀ ਕਰਨ। ਜੇਕਰ ਉਹ ਇਸ ਤਰ੍ਹਾਂ ਕਰਨਗੇ, ਉਨ੍ਹਾਂ ਵਿੱਚ ਫੁੱਟਾਂ ਅਤੇ ਬਖੇੜੇ ਭੰਗ ਹੋ ਜਾਣਗੇ।

ਇਸ ਦੌਰਾਨ, ਰਸੂਲ ਆਪਣੇ ਨਿੱਜੀ ਬੋਝ ਤੋਂ ਵੀ ਜਾਣੂ ਸੀ। ਕਿਉਂਕਿ ਕੁਰਿੰਥੁਸ ਦੀ ਕਲੀਸੀਆ, ਖੁਸ਼ਖ਼ਬਰੀ ਦੀ ਸੱਚਾਈ ਅਤੇ ਸਮਰੱਥਾ ਕਾਫੀ ਹੱਦ ਤੱਕ ਸੰਦੇਸ਼ਵਾਹਕ ਦੇ ਚਰਿੱਤਰ ਨਾਲ ਜੁੜੀ ਹੋਈ ਸੀ। ਖੁਸ਼ਖ਼ਬਰੀ ਪਰਚਾਰਕ ਨੂੰ, ਜ਼ਰੂਰਤ ਤੋਂ, ਹਮੇਸ਼ਾ ਉਸ ਦੇ ਆਪਣੇ ਸਮਰਪਣ ਦੁਆਰਾ ਮਾਪਿਆ ਜਾਂਦਾ ਸੀ ਜੋ ਉਹ ਪਰਚਾਰ ਕਰਦਾ ਸੀ। ਭਾਵੇਂ ਵਿਸ਼ਾ ਆਧੁਨਿਕ ਸੰਸਾਰ ਜਾਂ ਪ੍ਰਚੀਨ ਸੰਸਾਰ ਹੈ, ਜਿਹੜੇ ਮਸੀਹ ਦੀ ਖੁਸ਼ਖ਼ਬਰੀ ਦਾ ਪਰਚਾਰ ਕਰਦੇ ਹਨ ਉਨ੍ਹਾਂ ਦੀ ਜ਼ਿੰਮੇਵਾਰੀ ਬਹੁਤ ਭਾਰੀ ਹੈ।

## ਪਰਮੇਸ਼ੁਰ ਦਾ ਗਿਆਨ, ਗੁਪਤ ਅਤੇ ਪਰਗਟ (2:6-13)

ਗਿਆਨ ਦੀ ਗਲਤ ਕਲਪਨਾ ਦੇ ਕਾਰਨ ਕੁਰਿੰਥੀਆਂ ਦੀ ਕਲੀਸੀਆ ਵਿਚ ਧੜੇਬੰਦੀਆਂ ਆ ਗਈਆਂ ਸਨ। ਅਖੀਰ ਵਿਚ, ਪੌਲੁਸ ਗਿਆਨ ਦਾ ਇਨਕਾਰ ਨਹੀਂ ਕਰਨਾ ਚਾਹੁੰਦਾ ਸੀ। ਇੰਜੀਲ ਦੇ ਪ੍ਰਚਾਰ ਕੀਤੇ ਜਾਣ ਦੇ ਵਿਚ "ਪਰਮੇਸ਼ੁਰ ਦਾ ਗਿਆਨ ਸੀ" (1:21)। "ਮਸੀਹ ਦਾ ਸਲੀਬ ਤੇ ਚੜ੍ਹਾਇਆ ਜਾਣਾ" "ਪਰਮੇਸ਼ੁਰ ਦਾ ਗਿਆਨ" ਸੀ (1:23, 24)। ਕੁਰਿੰਥੀਆਂ ਦੀ ਪਾਪਾਂ ਤੋਂ ਰਿਹਾਈ "ਪਰਮੇਸ਼ੁਰ ਦੇ ਗਿਆਨ" ਦੀ ਗਵਾਹੀ ਸੀ (1:30), ਪਰ "ਇਸ ਯੁੱਗ ਦੇ ਹਾਕਮਾਂ" (2:6) ਨੇ ਪਰਮੇਸ਼ੁਰ ਦੇ ਗਿਆਨ ਦਾ ਇੱਕ ਧੁੰਧਲਾ ਪ੍ਰਤਿਰੂਪ ਬਣਾਇਆ ਸੀ। ਪੌਲੁਸ ਨੇ ਇਸ ਪੂਰਵ-ਵਾਕ ਨੂੰ ਰੱਦ ਕਰ ਦਿੱਤਾ। ਜਦੋਂ ਰਸੂਲ ਨੇ ਦ੍ਰਿੜ-ਸੰਕਲਪ ਕੀਤਾ ਕਿ ਉਹ ਉਨ੍ਹਾਂ ਦੇ ਵਿਚ "ਯਿਸੂ ਮਸੀਹ, ਸਗੋਂ ਸਲੀਬ" ਦਿੱਤੇ ਹੋਏ ਮਸੀਹ ਤੋਂ ਬਿਨਾ ਕਿਸੇ ਹੋਰ ਗੱਲ ਨੂੰ ਨਹੀਂ ਜਾਣੇਗਾ (2:2) ਉਸ ਸਮੇਂ ਉਸ ਨੇ ਪਰਮੇਸ਼ੁਰ ਦੇ ਗਿਆਨ ਦਾ ਸਮਰਥਨ ਕੀਤਾ ਸੀ। ਕੁਰਿੰਥੀਆਂ ਦੀ ਕਲੀਸੀਆ ਨੂੰ ਏਕਤਾ ਦੇ ਵਿਸ਼ੇ ਵਿਚ ਪ੍ਰੇਰਣਾ ਦਿੰਦੇ ਹੋਏ ਪੌਲੁਸ ਵਿਚੋਂ ਰੁਕਿਆ ਤਾਂ ਕਿ ਉਹ ਉਨ੍ਹਾਂ ਨੂੰ ਉਸ ਗਿਆਨ ਦੀ ਇੱਕ ਹੋਰ ਸਟੀਕ ਵਿਆਖਿਆ ਪ੍ਰਦਾਨ ਕਰ ਸਕੇ ਜਿਸ ਨੂੰ ਉਸ ਨੇ ਆਪ ਗ੍ਰਹਿਣ ਕੀਤਾ ਹੋਇਆ ਸੀ- ਅਤੇ ਜਿਸ ਦੇ ਬਾਰੇ ਉਹ ਚਾਹੁੰਦਾ ਸੀ ਕਿ ਉਹ ਲੋਕ ਵੀ ਉਸ ਨੂੰ ਗ੍ਰਹਿਣ ਕਰ ਸਕਣ- ਜੋ ਉਨ੍ਹਾਂ ਧੜੇਬੰਦੀਆਂ ਨੂੰ ਖਤਮ ਕਰ ਦੇਵੇਗਾ ਜੋ ਉਨ੍ਹਾਂ ਨੂੰ ਪਰੇਸ਼ਾਨ ਕਰਦੀਆਂ ਸਨ।

### ਗਿਆਨ ਦੇ ਵਿਸ਼ੇ ਵਿਚ ਸਪੱਸ਼ਟ ਤੁਲਨਾ (2:6-9)

**6ਤਾਂ ਵੀ ਅਸੀਂ ਸਿਆਣਿਆਂ ਦੇ ਅੱਗੇ ਗਿਆਨ ਸੁਣਾਉਂਦੇ ਹਾਂ ਪਰ ਉਹ ਗਿਆਨ ਨਹੀਂ ਜੋ ਇਸ ਜੁੱਗ ਦਾ ਹੋਵੇ ਅਤੇ ਨਾ ਇਸ ਜੁੱਗ ਦੇ ਹਾਕਮਾਂ ਦਾ ਜਿਹੜੇ ਨਾਸ ਹੋ ਰਹੇ ਹਨ। 7ਸਗੋਂ ਪਰਮੇਸ਼ੁਰ ਦਾ ਗੁਪਤ ਗਿਆਨ ਭੇਤ ਨਾਲ ਸੁਣਾਉਂਦੇ ਹਾਂ ਜਿਹ ਨੂੰ ਪਰਮੇਸ਼ੁਰ ਨੇ ਜੁੱਗਾਂ ਤੋਂ ਪਹਿਲਾਂ ਸਾਡੇ ਪਰਤਾਪ ਲਈ ਠਹਿਰਾਇਆ। 8ਜਿਹ ਨੂੰ ਇਸ ਜੁੱਗ ਦੇ ਹਾਕਮਾਂ ਵਿੱਚੋਂ ਕਿਸੇ ਨੇ ਨਾ ਜਾਣਿਆ ਕਿਉਂਕਿ ਜੇਕਰ ਓਹ ਜਾਣਦੇ ਤਾਂ ਤੇਜਵਾਨ ਪ੍ਰਭੁ ਨੂੰ ਸਲੀਬ ਉੱਤੇ ਨਾ ਚਾੜ੍ਹਦੇ। 9ਪਰੰਤੂ ਜਿਵੇਂ ਲਿਖਿਆ ਹੋਇਆ ਹੈ, —**

**ਜਿਹੜੀਆਂ ਵਸਤਾਂ ਅੱਖੀਂ ਨਾ ਵੇਖੀਆਂ,**
**ਨਾ ਕੰਨੀਂ ਸੁਣੀਆਂ,**
**ਨਾ ਇਨਸਾਨ ਦੇ ਮਨ ਵਿੱਚ ਆਈਆਂ,**
**ਜਿਹੜੀਆਂ ਵਸਤਾਂ ਪਰਮੇਸ਼ੁਰ ਨੇ ਆਪਣੇ ਪ੍ਰੇਮੀਆਂ ਲਈ ਤਿਆਰ ਕੀਤੀਆਂ, —**

**ਆਇਤ 6.** ਕੁਰਿੰਥੁਸ ਵਿਚਲੇ ਕੁਝ ਲੋਕਾਂ ਨੇ ਉਲਟ ਗਿਆਨ ਨੂੰ ਗ੍ਰਹਿਣ ਕੀਤਾ ਸੀ ਅਤੇ ਪਰਮੇਸ਼ੁਰ ਦੇ ਗਿਆਨ ਦੇ ਅਨੁਸਾਰ ਇਸ ਨੂੰ ਪਰਿਭਾਸ਼ਤ ਕੀਤਾ ਸੀ, ਪਰ ਰਸੂਲ ਇਸ ਗਿਆਨ ਤੋਂ ਵਿਮੁਖ ਹੋ ਗਿਆ। ਜਦਕਿ ਪੌਲੁਸ ਦੀ ਸਿੱਖਿਆ ਉਸ ਕਿਸਮ ਦਾ ਗਿਆਨ ਨਹੀਂ ਸੀ ਜੋ **ਇਸ ਜੁੱਗ ਦੇ ਹਾਕਮਾਂ** ਦੁਆਰਾ ਗ੍ਰਹਿਣ ਕੀਤਾ ਗਿਆ ਸੀ, ਇਹ ਉੱਚ ਕਿਸਮ ਦਾ ਗਿਆਨ ਸੀ। ਇੰਜੀਲ ਦੇ ਵਿਚ ਪਾਏ ਜਾਣ ਵਾਲੇ ਗਿਆਨ ਨੂੰ **ਸਿਆਣਿਆਂ** ਲੋਕਾਂ ਨੇ ਪਹਿਲਾਂ ਤੋਂ ਹੀ ਗ੍ਰਹਿਣ ਕਰ ਲਿਆ ਸੀ। ਰਸੂਲ ਇਸ ਪ੍ਰਕਾਰ ਇਸ ਲਈ ਲਿਖ ਰਿਹਾ ਸੀ ਤਾਂ ਕਿ ਉਸ ਦੇ ਕੁਰਿੰਥੁਸ ਦੇ ਪਾਠਕ ਸਿਆਣੇ ਹੋ ਜਾਣ। ਗਿਆਨ ਅਤੇ ਪ੍ਰੌੜਤਾ ਉਨ੍ਹਾਂ ਦੇ ਪਿੱਛੇ ਵਿਵਾਦ ਦਾ ਕਾਰਨ ਹੋਣਗੇ। ਸਮਝਦਾਰ ਬਾਲਗਾਂ ਦੇ ਮੁਕਾਬਲੇ ਬੱਚਿਆਂ (3:1) ਵਾਲਾ ਵਿਹਾਰ ਉਨ੍ਹਾਂ ਮਾਮਲਿਆਂ ਦੇ ਕਾਰਨ ਪੈਦਾ ਹੋਇਆ ਸੀ, ਜਿਨ੍ਹਾਂ ਵਿਚ ਇੱਕ ਮਸੀਹੀ ਦਾਅਵਾ ਕਰ ਰਿਹਾ ਸੀ ਕਿ ਉਹ ਪੌਲੁਸ ਦਾ ਹੈ ਅਤੇ ਦੂਸਰਾ ਦਾਅਵਾ ਕਰ ਰਿਹਾ ਸੀ ਕਿ ਉਹ ਅਪੁੱਲੋਸ ਦਾ ਸੀ।

ਪੌਲੁਸ ਨੇ ਕੁਰਿੰਥੀਆਂ ਦੇ ਲੋਕਾਂ ਦੇ ਸਾਹਮਣੇ ਦੋ ਕਿਸਮ ਦਾ ਗਿਆਨ ਰੱਖਿਆ ਸੀ। ਪਹਿਲਾ ਗਿਆਨ ਪਰਮੇਸ਼ੁਰ ਦਾ ਗਿਆਨ ਸੀ; ਦੂਸਰਾ ਗਿਆਨ **ਇਸ ਜੁੱਗ** ਦੇ ਦੁਆਰਾ ਅਪਨਾਇਆ ਗਿਆ "ਇਸ ਜੁੱਗ ਦੇ ਹਾਕਮਾਂ ਦਾ" ਗਿਆਨ ਸੀ। ਟੀਕਾਕਾਰ ਇਸ ਵਿਸ਼ੇ ਦੇ ਕਾਰਨ ਉਲਝਣ ਵਿਚ ਹਨ ਕਿ "ਇਸ ਜੁੱਗ ਦੇ ਹਾਕਮਾਂ" ਤੋਂ ਪੌਲੁਸ ਦਾ ਕੀ ਭਾਵ ਹੈ। ਕੁਝ ਲੋਕ ਇਹ ਸੋਚਦੇ ਹਨ ਕਿ ਉਹ ਅਣਦੇਖੇ ਕਾਇਨਾਤ ਵਿਚ ਕੰਮ ਕਰਨ ਵਾਲੀਆਂ ਸ਼ਤਾਨੀ ਸ਼ਕਤੀਆਂ ਹਨ। ਕੁਲੁੱਸੀਆਂ 1:16 ਵਿਚ ਰਸੂਲ ਨੇ ਇਹ ਦਾਅਵਾ ਕੀਤਾ ਹੈ ਕਿ ਸਾਰੀਆਂ ਵਸਤਾਂ "ਦਿੱਸਣ ਵਾਲੀਆਂ, ਨਾਲੇ ਨਾ ਦਿੱਸਣ ਵਾਲੀਆਂ" ਪਰਮੇਸ਼ੁਰ ਦੀਆਂ ਹਨ। ਇਨ੍ਹਾਂ ਵਿਚ "ਹਕੂਮਤਾਂ," "ਹਾਕਮ" ਅਤੇ "ਇਖ਼ਤਿਆਰ" ਸ਼ਾਮਲ ਸਨ (ਵੇਖੋ ਰੋਮੀਆਂ 8:38; ਕੁਲੁੱਸੀਆਂ 2:15; ESV)। ਪੌਲੁਸ ਸ਼ਾਇਦ ਕੁਰਿੰਥੀਆਂ ਦੀ ਕਲੀਸੀਆ ਨੂੰ, ਇਹ ਕਹਿ ਰਿਹਾ ਸੀ ਕਿ ਉਹ "ਗਿਆਨ" ਜਿਸਦਾ ਪਰਿਣਾਮ ਧੜੇਬੰਦੀਆਂ ਸੀ ਉਹ "ਇਸ ਜੁੱਗ ਦੇ ਈਸ਼ੁਰ" ਦੇ ਰਾਹੀਂ ਪ੍ਰੇਰਿਤ ਗਿਆਨ ਸੀ (2 ਕੁਰਿੰਥੀਆਂ 4:4)। ਇਸ ਵਿਆਖਿਆ ਦੀ ਸਮੱਸਿਆ ਇਹ ਹੈ ਕਿ ਇਸ ਨੂੰ ਇੱਕ ਅਜਿਹੇ ਵਿਸ਼ੇ ਦੀ ਜਾਣ-ਪਛਾਣ ਦੀ ਲੋੜ ਹੈ ਜੋ ਪ੍ਰਸੰਗ ਤੋਂ ਇਕਦਮ ਵੱਖਰਾ ਹੋਵੇ। ਆਇਤ 8 ਵਿਚ "ਇਸ ਜੁੱਗ ਦੇ ਹਾਕਮਾਂ" ਦਾ ਉਲੇਖ ਉਨ੍ਹਾਂ ਲੋਕਾਂ ਦੇ ਰੂਪ ਵਿਚ ਕੀਤਾ ਗਿਆ ਹੈ ਜਿਨ੍ਹਾਂ ਨੇ ਪ੍ਰਭੂ ਨੂੰ ਸਲੀਬ ਦੇ ਉੱਤੇ ਚੜ੍ਹਾਇਆ ਸੀ। ਰਿਚਰਡ ਈ. ਓਸਟਰ, ਜੂਨੀਅਰ, ਉਸ ਸਮੇਂ ਸਹੀ ਸੀ ਜਦੋਂ ਉਸ ਨੇ ਵੇਖਿਆ ਕਿ ਪੌਲੁਸ ਪਰਮੇਸ਼ੁਰ ਦੇ ਗਿਆਨ ਦੀ ਤੁਲਨਾ "ਇਸ ਜੁੱਗ ਦੇ ਹਾਕਮਾਂ ਰਾਜ ਅਧਿਕਾਰੀਆਂ ਦੇ ਅੰਨ੍ਹੇ ਅਤੇ ਨਾ ਮਾਫ਼ ਕਰਨ ਯੋਗ ਅਗਿਆਨ ਦੇ ਨਾਲ ਕਰ ਰਿਹਾ ਸੀ।"[2]

ਪੌਲੁਸ ਨੇ ਉਮੀਦ ਕੀਤੀ, ਜਿਵੇਂ ਉਸ ਦੀਆਂ ਸਾਰੀਆਂ ਪੱਤ੍ਰੀਆਂ ਦੇ ਵਿਚ ਉਹ ਕਰਦਾ ਹੈ। ਅੰਤ ਆ ਰਿਹਾ ਹੈ। ਪ੍ਰਭੂ ਵਾਪਸ ਆਵੇਗਾ। "ਇਸ ਜੁੱਗ ਦੇ ਹਾਕਮ" ਕੁਝ ਸਮੇਂ ਦੇ ਲਈ ਸ਼ਕਤੀ ਪਾਉਂਦੇ ਹਨ, ਪਰ ਉਹ **ਨਾਸ ਹੋ ਰਹੇ ਹਨ**। ਉਸ ਨੇ ਆਪਣੇ ਪਾਠਕਾਂ ਨੂੰ ਇਹ ਨਹੀਂ ਕਿਹਾ ਕਿ ਪ੍ਰਭੂ ਦੇ ਆਉਣ ਤੇ, ਵਰਤਮਾਨ ਯੁੱਗ, ਆਪਣੀ ਸ਼ਕਤੀ ਅਤੇ ਸ਼ਾਸਕਾਂ ਦੇ ਨਾਲ

ਨਾਸ ਹੋ ਜਾਵੇਗਾ। ਇਹ ਸੱਚ ਹੋ ਗਿਆ ਹੁੰਦਾ, ਪਰ ਪੌਲੁਸ ਇਸ ਤੋਂ ਹੀ ਜਲਦੀ ਹੋਣ ਵਾਲੀ ਕਿਸੇ ਚੀਜ਼ ਦਾ ਯਕੀਨ ਦਿਵਾਉਣਾ ਚਾਹੁੰਦਾ ਸੀ। ਪ੍ਰਭੂ ਦੀ ਆਮਦ ਜਲਦੀ, ਜਾਂ ਦੇਰ ਦੇ ਨਾਲ ਹੋ ਸਕਦੀ ਹੈ; ਪਰ ਕਿਸੇ ਵੀ ਸੂਰਤ ਵਿੱਚ, ਇਹ ਜੁੱਗ "ਬੀਤ" ਰਿਹਾ ਹੈ। ਇਹ ਪ੍ਰਕਿਰਿਆ ਪਹਿਲਾਂ ਤੋਂ ਹੀ ਪੌਲੁਸ ਦੇ ਸਮੇਂ ਵਿਚ ਸ਼ੁਰੂ ਹੋ ਚੁੱਕੀ ਸੀ। ਅੰਤ ਅਜੇ ਨਹੀਂ ਆਇਆ ਸੀ, ਪਰ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਦੀਆਂ ਵੇਖਣ ਵਾਲੀਆਂ ਅੱਖਾਂ ਸਨ ਸੰਸਾਰ ਦੇ ਹਾਕਮਾਂ ਦੀ ਹਾਰ ਦੀ ਇੱਕ ਝਲਕ ਸਪੱਸ਼ਟ ਦਿਖਾਈ ਦੇ ਰਹੀ ਸੀ। ਪੌਲੁਸ ਨੇ ਬੇਨਤੀ ਕੀਤੀ; "ਆਪਣੇ ਚਾਰੇ ਪਾਸੇ ਵੇਖੋ," "ਬੁੱਧੀਮਾਨ ਲੋਕ ਵੇਖਣਗੇ ਕਿ ਇਹ ਜੁੱਗ ਪਹਿਲਾਂ ਤੋਂ ਹੀ ਖਤਮ ਹੋ ਚੁੱਕਿਆ ਹੈ।" ਯੂਹੰਨਾ ਨੇ "ਨਾਸ ਹੋ ਰਹੇ" ਦੇ ਲਈ ਇੱਕ ਵੱਖਰੇ ਯੂਨਾਨੀ ਸ਼ਬਦ ਦਾ ਇਸਤੇਮਾਲ ਕੀਤਾ, ਪਰ ਉਸ ਦਾ ਵਿਚਾਰ ਉਹੀ ਸੀ। ਉਸ ਨੇ ਕਿਹਾ, "ਅਨ੍ਹੇਰਾ ਹਟਦਾ ਜਾਂਦਾ ਹੈ ਅਤੇ ਸੱਚਾ ਚਾਨਣ ਹੁਣ ਚਮਕਣ ਲੱਗ ਪਿਆ" (1 ਯੂਹੰਨਾ 2:8)। ਫਿਰ, ਉਸ ਨੇ ਦੁਹਰਾਇਆ, "ਸੰਸਾਰ . . . ਬੀਤਦੀ ਜਾਂਦੀ ਹੈ" (1 ਯੂਹੰਨਾ 2:17)।

**ਆਇਤ 7.** ਉਹ ਗਿਆਨ ਜਿਸ ਦੀ ਪੌਲੁਸ ਨੇ ਘੋਸ਼ਣਾ ਕੀਤੀ ਸੀ ਕੋਈ ਗੁਪਤ ਭੇਤ ਨਹੀਂ ਸੀ ਜਿਸ ਦੀ ਉਸ ਨੇ ਖੋਜ ਕੀਤੀ ਸੀ। ਇਸ ਦੀ ਬਜਾਇ, ਪਰਮੇਸ਼ੁਰ ਨੇ ਉਸ ਉੱਤੇ ਉਹ **ਭੇਤ** ਪਰਗਟ ਕੀਤਾ ਸੀ ਜੋ ਪਹਿਲਾਂ **ਗੁਪਤ** ਸੀ। ਸਲੀਬ ਦੇ ਦੁਆਰਾ ਇੱਕ ਉਲਝਣ ਭਰੀ ਸਥਿਤੀ ਸਪੱਸ਼ਟ ਹੋ ਗਈ ਸੀ। "ਗੁਪਤ ਭੇਤ" ਇਹ ਸੀ ਕਿ ਸਰਵਵਿਆਪੀ ਪਰਮੇਸ਼ੁਰ ਨੇ ਯਿਸੂ ਦੇ ਦੁਆਰਾ ਸਾਰੇ ਲੋਕਾਂ ਦੇ ਲਈ ਜੀਵਨ ਦਾ ਦਰਵਾਜ਼ਾ ਖੋਲ ਦਿੱਤਾ ਸੀ (1:30)। ਇੱਥੋਂ ਤਕ ਕਿ ਪਰਮੇਸ਼ੁਰ ਦੇ ਚੁਣੇ ਹੋਏ ਲੋਕ ਵੀ ਜਿਨ੍ਹਾਂ ਨੂੰ ਉਹ ਮਿਸਰ ਤੋਂ ਬਾਹਰ ਕੱਢ ਲੈ ਆਇਆ ਸੀ ਉਨ੍ਹਾਂ ਨੇ ਵੀ ਇਸ ਨੂੰ ਸਮਝਣ ਦੇ ਵਿਚ ਗਲਤੀ ਕੀਤੀ ਸੀ। ਪੁਰਾਣੇ ਸਮੇਂ ਵਿਚ ਸਲੀਬ ਦਾ, ਗੁਪਤ ਭੇਤ, ਜਾਂ ਗੁਪਤ **ਗਿਆਨ** ਅਗਿਆਤ ਸੀ; ਪਰ ਹੁਣ, ਇੰਜੀਲ ਦੇ ਪ੍ਰਚਾਰ ਦੇ ਦੁਆਰਾ, ਇਹ ਦੁਨੀਆਂ ਦੇ ਸਾਹਮਣੇ ਖੁੱਲ੍ਹ ਗਿਆ ਹੈ। ਇਹ ਵਿਚਾਰ 16:25 ਵਿਚ ਸਪੱਸ਼ਟ ਹੈ: ". . . ਉਸ ਭੇਤ ਦੇ ਪਰਕਾਸ਼ ਦੇ ਅਨੁਸਾਰ ਜਿਹੜਾ ਸਨਾਤਨ ਸਮੇਂ ਤੋਂ ਗੁਪਤ ਰੱਖਿਆ ਗਿਆ।" ਪੌਲੁਸ ਹੋਰਨਾਂ ਸਥਾਨਾਂ ਤੇ ਗੁਪਤ ਭੇਤ ਦੀ ਧਾਰਣਾ ਤੇ ਵਾਪਸ ਮੁੜਿਆ। ਮਸੀਹ ਦੇ ਰਾਹੀਂ ਪਰਮੇਸ਼ੁਰ ਦਾ ਪ੍ਰਕਾਸ਼ਣ ਇਹ ਸੀ ਕਿ ਮਸੀਹਾ ਸਿਰਫ ਯਹੂਦੀਆਂ ਦਾ ਮੁਕਤੀਦਾਤਾ ਨਹੀਂ ਸੀ; ਸਗੋਂ ਪਰਾਈਆਂ ਕੌਮਾਂ ਦੇ ਲੋਕ ਵੀ ਪਰਮੇਸ਼ੁਰ ਦੇ ਰਾਜ ਦੇ ਸੰਗੀ ਅਧਿਕਾਰੀ ਹਨ (ਅਫ਼ਸੀਆਂ 3:4-6)।

ਜਦੋਂ ਪੌਲੁਸ ਨੇ ਸ਼ਬਦ "ਗੁਪਤ ਭੇਤ" (*ਮਸਟੇਰੀਅਨ*) ਨੂੰ ਚੁਣਿਆ ਸੀ ਤਾਂ ਉਸ ਨੇ ਇੱਕ ਚੇਤੰਨ ਚੋਣ ਕੀਤੀ, ਇਹ ਇੱਕ ਅਜਿਹਾ ਸ਼ਬਦ ਸੀ ਜਿਸ ਦਾ ਯੂਨਾਨੀ ਭਾਸ਼ਾ ਬੋਲਣ ਵਾਲੇ ਸਮਕਾਲੀ ਸੰਸਾਰ ਵਿਚ ਵਿਸ਼ੇਸ਼ ਮਹੱਤਵ ਸੀ। ਯੂਨਾਨੀ ਧਰਮ ਦੀ ਇੱਕ ਪ੍ਰਾਚੀਨ ਵਿਸ਼ੇਸ਼ਤਾ ਇਹ ਸੀ ਕਿ ਕੁਝ ਦੇਵੀਆਂ ਅਤੇ ਦੇਵਤਿਆਂ ਦਿਆਂ ਪੰਥਾਂ ਵਿਚ ਸ਼ਾਮਲ ਹੋਣ ਵਾਲਿਆਂ ਦੇ ਲਈ ਸ਼ੁਰੂ ਵਿਚ ਕਈ ਗੁਪਤ ਸਮਾਰੋਹ ਕੀਤੇ ਜਾਂਦੇ ਸਨ। ਯੂਨਾਨੀ ਲੋਕ ਇਨ੍ਹਾਂ ਸ਼ੁਰੂਆਤੀ ਸੰਸਕਾਰਾਂ ਨੂੰ "ਗੁਪਤ ਭੇਤ" ਕਹਿੰਦੇ ਸਨ। ਅੰਨ ਦੀ ਦੇਵੀ, ਡੀਮੇਟਰ ਦੀ ਪੂਜਾ, ਆਪਣੇ ਗੁਪਤ ਭੇਤਾਂ ਦੇ ਲਈ ਬਹੁਤ ਮਸ਼ਹੂਰ ਸੀ, ਜਿਵੇਂ ਡਾਇਨੀਸੁਸ, ਸ਼ਰਾਬ ਦਾ ਦੇਵਤਾ। ਪੂਰਬ ਤੋਂ, ਹੋਰ ਗੁਪਤ ਭੇਤ ਵੀ ਯੂਨਾਨੀ ਬੋਲਣ ਵਾਲੇ ਸੰਸਾਰ ਵਿਚ ਆ ਗਏ ਸਨ, ਉਦਾਹਰਣ ਦੇ ਤੌਰ ਤੇ, ਉਨ੍ਹਾਂ ਲੋਕਾਂ ਵਿਚ ਜੋ ਏਸ਼ੀਆ ਮਾਈਨਰ ਤੋਂ ਸਿਬਲੇ ਅਤੇ ਮਿਸਰ ਤੋਂ ਇਸਿਸ ਵਿਚ ਭਾਗ ਲੈਂਦੇ ਸਨ। ਪੌਲੁਸ ਨੇ "ਗੁਪਤ ਭੇਤ" ਸ਼ਬਦ ਨੂੰ ਫਿਰ ਤੋਂ ਪਰਿਭਾਸ਼ਤ ਕੀਤਾ।

ਪੌਲੁਸ ਇਹ ਕਹਿਣ ਵਿਚ ਸਾਵਧਾਨੀ ਵਰਤਦਾ ਹੈ ਕਿ ਮਸੀਹ ਦੇ ਵਿਸ਼ੇ ਵਿਚ ਸੰਦੇਸ਼

ਦੁਨੀਆਂ ਵਿਚ ਅਚਾਨਕ ਨਹੀਂ ਆਇਆ ਸੀ। ਪਰਮੇਸ਼ੁਰ ਦੇ ਨਮੂਨੇ ਨੇ ਮਸੀਹ ਦੇ ਦੁੱਖਾਂ ਦੇ ਰਾਹੀਂ ਯਹੂਦੀਆਂ ਅਤੇ ਗੈਰ ਯਹੂਦੀਆਂ ਦੋਵਾਂ ਨੂੰ ਬਚਾਉਣ ਦੇ ਲਈ ਸਮੇਂ ਦਿਆਂ ਮੱਧ-ਅਵਕਾਸ਼ਾਂ ਨੂੰ ਵਾਪਸ ਖਿੱਚ ਲਿਆ। ਕਿ ਮਸੀਹ ਦਾ ਦੁੱਖ ਝੱਲਣਾ ਪਰਮੇਸ਼ੁਰ ਦਾ ਬਾਅਦ ਦਾ ਵਿਚਾਰ ਨਹੀਂ ਹੈ (ਵੇਖੋ ਲੂਕਾ 24:26; ਰਸੂਲਾਂ ਦੇ ਕਰਤੱਬ 17:3)। ਉਸ ਨੇ ਮਸੀਹ ਦੇ ਇਸ ਕੰਮ ਦੇ ਬਾਰੇ ਬਿਵਸਥਾ ਅਤੇ ਭਵਿੱਖਬਾਣੀਆਂ (ਲੂਕਾ 24:44) ਦੀਆਂ ਪੁਸਤਕਾਂ ਵਿਚ ਵੀ ਬੋਲਿਆ ਹੈ। ਉਸ ਅਰਥ ਵਿਚ, ਉਸ ਦੀ ਯੋਜਨਾ ਪਹਿਲਾਂ ਤੋਂ ਠਹਿਰਾਈ ਗਈ ਸੀ। ਬਾਈਬਲ ਵਿਚ ਪੂਰਵ-ਸੰਕਲਪ ਪਰਮੇਸ਼ੁਰ ਦੇ ਘਟਨਾਵਾਂ ਰਾਹੀਂ ਸੁਭਾਗਪੂਰਣ-ਮਾਰਗ ਦਰਸ਼ਣ ਨੂੰ ਦਰਸਾਉਂਦਾ ਹੈ ਜੋ ਮਨੁੱਖਜਾਤੀ ਦਾ ਛੁਟਕਾਰਾ ਬਣ ਗਿਆ। ਪਰਮੇਸ਼ੁਰ ਨੇ ਉਨ੍ਹਾਂ ਦੇ ਪਹਿਲੇ ਸਾਹ ਤੋਂ ਪਹਿਲਾਂ ਹੀ ਕੁਝ ਲੋਕਾਂ ਨੂੰ ਬਚਾਉਣ ਦਾ ਅਤੇ ਦੂਸਰਿਆਂ ਨੂੰ ਨਾਸ ਕਰਨ ਦਾ ਪੂਰਵ-ਨਿਸ਼ਚੇ ਨਹੀਂ ਕੀਤਾ ਸੀ। ਲੋਕਾਂ ਦੀ ਵਿਅਕਤੀਗਤ ਮੁਕਤੀ ਦੇ ਲਈ ਇੰਜੀਲ ਦੇ ਸੁਣੇ ਜਾਣ ਦੀ ਲੋੜ ਹੁੰਦੀ ਹੈ। ਉਸ ਤੋਂ ਬਾਅਦ, ਸੁਣਨ ਵਾਲਿਆਂ ਨੂੰ ਫੈਸਲਾ ਕਰਨ ਦੇ ਲਈ ਬੁਲਾਇਆ ਜਾਂਦਾ ਸੀ (ਰੋਮੀਆਂ 10:14)। ਇੱਕ ਬੁੱਧਵਾਨ ਯਹੂਦੀ ਜੋ ਯਿਸੂ ਤੋਂ ਕੋਈ ਦੋ ਸੋ ਸਾਲ ਪਹਿਲਾਂ ਹੋਇਆ ਸੀ ਉਸ ਨੇ ਇਸ ਨੂੰ ਬਹੁਤ ਹੀ ਚੰਗੇ ਤਰੀਕੇ ਦੇ ਨਾਲ ਕਿਹਾ ਹੈ:

> ਆਦਿ ਵਿਚ ਜਦੋਂ ਪਰਮੇਸ਼ੁਰ ਨੇ ਮਨੁੱਖ ਦੀ ਰਚਨਾ ਕੀਤੀ,
> ਉਸ ਨੇ ਉਸ ਨੂੰ ਅਜ਼ਾਦ ਮਰਜ਼ੀ ਪੈਦਾ ਕੀਤਾ।
> ਜੇ ਤੁਸੀਂ ਚਾਹੋ ਤਾਂ ਤੁਸੀਂ ਹੁਕਮਾਂ ਨੂੰ ਮੰਨਣਾ ਚੁਣ ਸਕਦੇ ਹੋ;-
> ਇਹ ਉਸ ਦੀ ਇੱਛਾ ਨੂੰ ਪੂਰਾ ਕਰਨ ਦੇ ਵਿਚ ਵਫਾਦਾਰੀ ਹੈ।
> ਤੁਹਾਡੇ ਸਾਹਮਣੇ ਅੱਗ ਅਤੇ ਪਾਣੀ ਰੱਖਿਆ ਗਿਆ ਹੈ;
> ਜੋ ਵੀ ਤੁਸੀਂ ਚੁਣਦੇ ਹੋ ਉਸ ਦੇ ਵੱਲ ਆਪਣਾ ਹੱਥ ਵਧਾਓ।
> ਮਨੁੱਖ ਦੇ ਸਾਹਮਣੇ ਜੀਵਨ ਅਤੇ ਮੌਤ ਹਨ,
> ਜੋ ਵੀ ਉਹ ਚੁਣਦਾ ਹੈ ਉਹ ਉਸ ਨੂੰ ਦਿੱਤਾ ਜਾਵੇਗਾ।[3]

**ਆਇਤ 8.** ਉਹ ਗਿਆਨ ਜੋ ਪੌਲੁਸ ਦੇ ਸਲੀਬ ਦੇ ਪ੍ਰਚਾਰ ਵਿਚ ਸ਼ਾਮਲ ਸੀ ਉਹ ਸਮਕਾਲੀ ਸੜਕਛਾਪ ਦਾਰਸ਼ਨਿਕਾਂ ਦੁਆਰਾ ਪੇਸ਼ ਕੀਤੇ ਗਏ ਗਿਆਨ ਨਾਲੋਂ ਵੱਖਰੀ ਕਿਸਮ ਦਾ ਸੀ। ਬਜ਼ਾਰ ਵਿਚ ਘੁੰਮ-ਘੁੰਮ ਕੇ ਹੋਕਾ ਦੇਣ ਵਾਲਿਆਂ, ਕੁਝ ਨੇ ਉਸ ਸਮੇਂ ਦੇ ਸ਼ਾਸਕਾਂ ਦੇ ਨਾਲ ਮਿਲ ਕੇ ਉਸ ਦੇ ਨਾਲ ਨਫ਼ਰਤ ਕੀਤੀ ਅਤੇ ਕੁਝ ਲੋਕਾਂ ਨੇ ਉਸ ਦੀ ਸ਼ਲਾਘਾ ਕੀਤੀ, **ਤੇਜਵਾਨ ਪ੍ਰਭੁ ਨੂੰ ਸਲੀਬ ਉੱਤੇ ਚੜ੍ਹਾਉਂਦੇ ਹੋਇਆਂ, ਉਨ੍ਹਾਂ ਨੇ** ਪਰਮੇਸ਼ੁਰ ਦੇ ਗਿਆਨ ਦੀ ਅਗਿਆਨਤਾ ਦਾ ਪ੍ਰਦਰਸ਼ਣ ਕੀਤਾ ਸੀ। ਸਲੀਬ ਦੇ ਝੰਡੇ ਦੇ ਹੇਠਾਂ ਖੜੇ ਰਹਿ ਕੇ, ਕੁਰਿੰਥੁਸ ਦੇ ਮਸੀਹੀਆਂ ਨੂੰ ਇੱਕ ਸੰਯੁਕਤ ਮੋਰਚੇ ਦੀ ਪੇਸ਼ਕਸ਼ ਕਰਨ ਦੀ ਲੋੜ ਸੀ। ਪੌਲੁਸ ਦੇ ਪਾਠਕਾਂ ਦੇ ਉੱਤੇ ਆਪਣੀ ਸਾਰੀ ਸ਼ਕਤੀ ਦੇ ਲਈ, ਸੰਸਾਰ ਦੇ ਮਹਾਨ ਲੋਕਾਂ ਨੇ ਪਰਮੇਸ਼ੁਰ ਦੇ ਗਿਆਨ ਨੂੰ ਨਹੀਂ ਜਾਣਿਆ ਸੀ। ਪਰਮੇਸ਼ੁਰ ਦੇ ਪ੍ਰਤਿ ਉਨ੍ਹਾਂ ਦੀ ਅਗਿਆਨਤਾ ਦਾ ਨਤੀਜਾ ਇੱਕ ਵਿਅੰਗ ਸੀ: ਜੋ ਲੋਕ ਯਿਸੂ ਨਾਲ ਨਫ਼ਰਤ ਕਰਦੇ ਅਤੇ ਯਿਸੂ ਤੋਂ ਡਰਦੇ ਸਨ ਉਨ੍ਹਾਂ ਨੇ ਯਿਸੂ ਨੂੰ ਸਲੀਬ ਉੱਤੇ ਚੜ੍ਹਾ ਕੇ ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਕੀਤਾ ਸੀ। ਸਾਡੇ "ਪਰਤਾਪ ਲਈ" ਹੀ ਸੀ (2:7) ਕਿ "ਤੇਜਵਾਨ ਪ੍ਰਭੁ" ਨੇ ਉੱਪਰ ਦੇ **ਗਿਆਨ** ਦੇ ਦੁਆਰਾ ਸਲੀਬ ਦੇ

ਗੁਪਤ ਭੇਤ ਨੂੰ ਉਜਾਗਰ ਕੀਤਾ।

ਸਿਰਫ ਇਹੋ ਇੱਕ ਉਦਾਹਰਣ ਹੈ ਜਿੱਥੇ ਪੌਲੁਸ ਨੇ ਯਿਸੂ ਦਾ ਵਰਣਨ ਕਰਨ ਦੇ ਲਈ "ਤੇਜਵਾਨ ਪ੍ਰਭੂ" ਵਾਕ ਦਾ ਇਸਤੇਮਾਲ ਕੀਤਾ ਹੈ। ਉਸ ਦਾ ਅਰਥ ਸਪੱਸ਼ਟ ਨਾਲੋਂ ਘੱਟ ਹੈ। ਸਧਾਰਣ ਸਥਿਤੀ (τῆς δόξης, *ਟੇਸ ਡੋਕਸਿਸ*) ਵਿਸ਼ੇਸ਼ਣ ਹੋ ਸਕਦਾ ਹੈ, ਅਰਥਾਤ, "ਤੇਜਵਾਨ ਪ੍ਰਭੂ"। NASB ਯਾਕੂਬ ਦੀ 2:1 ਵਿਚ ਇੱਕ ਸਮਾਨ ਵਾਕ ਦਾ ਅਨੁਵਾਦ "ਸਾਡੇ ਪਰਤਾਪਵਾਨ ਪ੍ਰਭੂ ਯਿਸੂ ਮਸੀਹ" ਕੀਤਾ ਗਿਆ ਹੈ। ਵਿਕਲਪੀ ਰੂਪ ਵਿਚ, ਪੌਲੁਸ "ਤੇਜਵਾਨ" ਸ਼ਬਦ ਦੇ ਨਾਲ ਸ਼ਾਇਦ ਪਰਮੇਸ਼ੁਰ ਦੇ ਉੱਚੇ ਅਤੇ ਪਵਿੱਤਰ ਰਾਹਾਂ ਦਾ ਸੰਖੇਪ ਖੁਲਾਸਾ ਕਰ ਰਿਹਾ ਹੈ। ਯਿਸੂ ਉਨ੍ਹਾਂ ਸਾਰਿਆਂ ਦਾ ਸਭ ਤੋਂ ਮਹਾਨ ਪਰਗਟਾਵਾ ਹੈ। ਤੀਜੀ ਸੰਭਾਵਨਾ ਇਹ ਹੈ ਕਿ ਪੌਲੁਸ ਦੇ ਮਨ ਵਿਚ ਉਹ ਮਹਿਮਾ ਸੀ ਜੋ ਪਰਮੇਸ਼ੁਰ ਨੇ ਉਸ ਸਮੇਂ ਯਿਸੂ ਨੂੰ ਦਿੱਤੀ ਸੀ ਜਦੋਂ ਉਸ ਨੇ ਉਸ ਨੂੰ ਆਪਣੇ ਸੱਜੇ ਹੱਥ ਸਵਰਗੀ ਥਾਵਾਂ ਦੇ ਵਿਚ ਬਿਠਾਇਆ ਸੀ।

**ਆਇਤ 9.** ਇਸ ਹਵਾਲੇ ਦਾ ਸਰੋਤ ਅਨਿਸ਼ਚਤ ਹੈ; ਇਹ ਯਸਾਯਾਹ ਦਾ ਇੱਕ ਮੁਫ਼ਤ ਅਨੁਵਾਦ ਹੋ ਸਕਦਾ ਹੈ 64:4 (64:3; LXX), ਭਾਵੇਂ ਯਸਾਯਾਹ ਅਤੇ ਪੌਲੁਸ ਦੇ ਦੁਆਰਾ ਬਣਾਏ ਗਏ ਬਿੰਦੂ ਕਾਫੀ ਵੱਖਰੇ ਹਨ। ਪੌਲੁਸ ਨੇ ਆਮ ਤੌਰ ਤੇ ਪੁਰਾਣੇ ਨੇਮ ਦੇ ਇੱਕ ਹਵਾਲੇ **ਲਿਖਿਆ ਹੋਇਆ ਹੈ** ਦਾ ਪਾਲਣ ਕੀਤਾ (ਜਿਵੇਂ ਰੋਮੀਆਂ 15:3, 9), ਪਰ ਇੱਥੇ ਉਹ ਬਾਈਬਲ ਦੇ ਬਾਹਰ ਇੱਕ ਸਰੋਤ ਦੇ ਬਿਆਨ ਦਾ ਇੱਕ ਹਵਾਲਾ ਦੇ ਰਿਹਾ ਹੈ। ਪਰ ਉਹ ਆਮ ਤੌਰ ਤੇ ਅਜਿਹਾ ਨਹੀਂ ਕਰਦਾ ਸੀ, ਇਸ ਲਈ ਇਹ ਅਸੰਭਵ ਹੈ। ਇੱਕ ਹੋਰ ਸੰਭਾਵਨਾ ਇਹ ਹੈ ਕਿ ਉਹ ਯਿਸੂ ਦੇ ਇੱਕ ਬਿਆਨ ਦਾ ਹਵਾਲਾ ਦੇ ਰਿਹਾ ਸੀ ਜਿਸ ਨੂੰ ਇੰਜੀਲ ਦੇ ਲੇਖਾਂ ਵਿਚ ਦਰਜ ਨਹੀਂ ਕੀਤਾ ਗਿਆ ਸੀ। ਪੌਲੁਸ ਨੇ ਰਸੂਲਾਂ ਦੇ ਕਰਤੱਬ 20:35 ਵਿਚ ਪਰਮੇਸ਼ੁਰ ਦੀ ਇੱਕ ਹੋਰ ਅਗਿਆਤ ਕਹਾਵਤ ਦਾ ਹਵਾਲਾ ਦਿੱਤਾ। ਭਾਵੇਂ ਉਹ ਇੱਥੇ ਇੱਕ ਲਿਖਤ ਬਿਆਨ ਦਾ ਹਵਾਲਾ ਦੇ ਰਿਹਾ ਸੀ, ਇੰਝ ਲੱਗਦਾ ਹੈ ਕਿ ਪੁਰਾਣੇ ਨੇਮ ਦੇ ਇੱਕ ਵਿਚਾਰ ਦੀ ਸੰਖੇਪ ਵਿਆਖਿਆ ਕਰ ਰਿਹਾ ਸੀ।

ਯਸਾਯਾਹ ਨੇ ਲਿਖਿਆ ਹੈ, "ਪਰਾਚੀਨ ਸਮਿਆਂ ਤੋਂ ਨਾ ਕਿਸੇ ਸੁਣਿਆ, ਨਾ ਕਿਸੇ ਦੇ ਕੰਨ ਵਿੱਚ ਪਿਆ, ਨਾ ਅੱਖ ਨੇ ਕਿਸੇ ਹੋਰ ਪਰਮੇਸ਼ੁਰ ਨੂੰ ਵੇਖਿਆ, ਜੋ ਆਪਣੇ ਉਡੀਕਣ ਵਾਲਿਆਂ ਲਈ ਕੰਮ ਕਰਦਾ ਹੈ" (ਯਸਾਯਾਹ 64:4)। ਸਭ ਤੋਂ ਵਧੀਆ ਵਿਆਖਿਆ ਇਹ ਹੈ ਕਿ ਇਸ ਆਇਤ ਵਿਚਲਾ ਪੌਲੁਸ ਦਾ ਅਨਿਸ਼ਚਤ ਹਵਾਲਾ ਮਸੀਹ ਦੇ ਇੱਕ ਪ੍ਰੇਰਣਾ ਪਾਏ ਹੋਏ ਅਤੇ ਪ੍ਰਮਾਣਿਤ ਰਸੂਲ ਹੋਣ ਦੇ ਕਾਰਨ ਨਿਕਲਿਆ ਹੈ। ਇਸ ਤਰ੍ਹਾਂ, ਉਸ ਨੇ ਯਸਾਯਾਹ ਦੇ ਬਿਆਨਾਂ ਦਾ ਵਿਸਥਾਰ ਕੀਤਾ ਤਾਂ ਕਿ ਨਬੀ ਜੋ ਕਹਿ ਰਿਹਾ ਹੈ ਉਸ ਤੋਂ ਇੱਕ ਨਵਾਂ ਮੁੱਦਾ ਉਠਾ ਸਕੇ। ਪਰਮੇਸ਼ੁਰ ਦੇ ਆਤਮਾ ਦੇ ਦੁਆਰਾ ਦਿੱਤੇ ਗਏ ਪ੍ਰਕਾਸ਼ਣ ਤੇ ਭਰੋਸਾ ਕਰਦੇ ਹੋਏ (1 ਕੁਰਿੰਥੀਆਂ 2:10), ਉਸ ਨੇ ਆਪਣੇ ਵਿਸ਼ੇ ਦੀ ਪ੍ਰਾਸੰਗਿਕਤਾ ਦੇ ਲਈ ਯਸਾਯਾਹ 64:4 ਅਤੇ 65:16 ਦੇ ਸ਼ਬਦਾਂ ਦੇ ਕੁਝ ਹਿੱਸਿਆਂ ਨੂੰ ਚੁਣਿਆ, ਅਤੇ ਜਿਵੇਂ ਉਸ ਨੂੰ ਢੁੱਕਵਾਂ ਲੱਗਿਆ ਉਸ ਨੇ ਇਸ ਵਿਸ਼ੇ ਦਾ ਵਿਸਥਾਰ ਕੀਤਾ। ਰਸੂਲ ਨੇ ਕੋਈ ਦਾਅਵਾ ਨਹੀਂ ਕੀਤਾ ਕਿ ਯਸਾਯਾਹ ਦਾ ਪ੍ਰਸੰਗ ਉਹੀ ਗੱਲ ਸਿਖਾ ਰਿਹਾ ਸੀ ਜੋ ਉਹ ਕੁਰਿੰਥੁਸ ਵਿਚਲੇ ਆਪਣੇ ਪਾਠਕਾਂ ਨੂੰ ਸਮਝਾਉਣਾ ਚਾਹੁੰਦਾ ਸੀ। ਇਸ ਦੀ ਬਜਾਇ, ਪੌਲੁਸ ਨੇ ਯਸਾਯਾਹ ਦੀ ਪੁਸਤਕ ਵਿਚੋਂ ਪਰਮੇਸ਼ੁਰ ਦੇ ਅਕੱਥ ਗਿਆਨ ਅਤੇ ਸ਼ਕਤੀ ਦੇ ਵਿਸ਼ੇ ਵਿਚ ਸ਼ਬਦ ਲੱਭੇ – ਅਜਿਹਾ ਗਿਆਨ ਅਤੇ ਸ਼ਕਤੀ ਕਿ **ਨਾ ਕਿਸੇ ਸੁਣਿਆ, ਨਾ ਕਿਸੇ ਦੇ ਕੰਨ ਵਿੱਚ ਪਿਆ -** ਕੁਰਿੰਥੁਸ

ਵਿਚਲੀ ਸਥਿਤੀ ਦੇ ਨਾਲ ਸੰਬੰਧਤ ਸਥਿਤੀ।

ਯਸਾਯਾਹ ਦੇ ਸ਼ਬਦਾਂ ਨੇ ਦੋ ਸਚਿਆਈਆਂ ਨੂੰ ਬਿਆਨ ਕਰਨ ਵਿਚ ਪੌਲੁਸ ਦੀ ਮਦਦ ਕੀਤੀ। ਪਹਿਲੀ, ਉਸ ਨੇ ਪੁਸ਼ਟੀ ਕੀਤੀ ਕਿ ਪਰਮੇਸ਼ੁਰ ਦਾ ਗਿਆਨ ਮਸੀਹ ਦੇ ਸੰਦੇਸ਼ ਵਿਚ ਪਰਗਟ ਹੋਇਆ ਹੈ ਅਤੇ ਪਹਿਲਾਂ ਤੋਂ ਹੀ ਪਰਮੇਸ਼ੁਰ ਦੇ ਲੋਕਾਂ ਦੇ ਲਈ ਉਸ ਦੇ ਸਲੀਬ ਉੱਤੇ ਚੜ੍ਹਾਏ ਜਾਣ ਦੇ ਮਨੁੱਖੀ ਕਲਪਨਾ ਤੋਂ ਪਰੇ ਪਰਿਣਾਮ ਹੋਏ ਸਨ। ਦੂਸਰਾ, ਹੋਰ ਅਸੀਸਾਂ **ਜਿਹੜੀਆਂ ਵਸਤਾਂ ਪਰਮੇਸ਼ੁਰ ਨੇ ਆਪਣੇ ਪ੍ਰੇਮੀਆਂ ਲਈ ਤਿਆਰ ਕੀਤੀਆਂ**, ਮਿਲਣ ਵਾਲੀਆਂ ਸਨ।

ਉਸ ਸਮੇਂ ਰਹਿਣ ਵਾਲੇ ਹੋਰਨਾਂ ਲੋਕਾਂ ਦੇ ਵਾਂਗ, ਪੌਲੁਸ ਨੇ **ਮਨ** ਦੀ ਤੁਲਨਾ ਮਨੁੱਖੀ ਦਲੀਲਾਂ ਦੇ ਕੇਂਦਰ ਵਜੋਂ ਕੀਤੀ। ਉਹ ਅਤੇ ਉਸ ਦੇ ਸਮਕਾਲੀ ਲੋਕ ਆਂਦਰਾਂ ਦੇ ਬਾਰੇ ਸੋਚਦੇ ਸਨ, ਕਈ ਸਥਿਤੀਆਂ ਵਿਚ ਗੁਰਦਿਆਂ ਨੂੰ ਭਾਵਨਾ ਦੇ ਅਧਾਰ ਦੇ ਰੂਪ ਵਿਚ ਸੋਚਿਆ ਜਾਂਦਾ ਹੈ। ਉਦਾਹਰਣ ਦੇ ਤੌਰ ਤੇ, ਜਦੋਂ ਪੌਲੁਸ ਨੇ, ਫਿਲੇਮੋਨ ਨੂੰ ਕਿਹਾ ਕਿ ਉਹ ਉਨੇਸਿਮੁਸ ਨੂੰ ਘਰ ਵਾਪਸ ਭੇਜ ਰਿਹਾ ਹੈ ਤਾਂ ਉਸ ਨੇ ਉਸ ਨੂੰ "ਕਲੇਜੇ ਦਾ ਟੁਕੜਾ" ਕਿਹਾ (ਫਿਲੇਮੋਨ 12)। ਸੱਚਮੁੱਚ, ਪੌਲੁਸ ਨੇ ਕਿਹਾ ਕਿ ਉਹ ਦਾਸ ਉਸ ਦੇ "ਕਲੇਜੇ ਦਾ ਟੁਕੜਾ" ਸੀ। "'ਦਿਲ' ਸੰਪੂਰਣ ਅੰਦਰੂਨੀ ਜੀਵਨ ਦੇ ਲਈ ਵਰਤਿਆ ਜਾਂਦਾ ਹੈ, ਜਿਸ ਵਿਚ ਵਿਚਾਰ ਅਤੇ ਇੱਛਾ ਦੇ ਨਾਲ ਨਾਲ ਭਾਵਨਾਵਾਂ ਵੀ ਸ਼ਾਮਲ ਹੁੰਦੀਆਂ ਹਨ, ਭਾਵੇਂ ਕਈ ਵਾਰ ਇਹ ਇੱਕ ਦੂਜੇ ਦੇ ਉੱਤੇ ਨਿਰਭਰ ਹੁੰਦੇ ਹਨ।"[4]

### ਪਰਮੇਸ਼ੁਰ ਦਾ ਆਤਮਾ (2:10-13)

**10ਓਹਨਾਂ ਨੂੰ ਪਰਮੇਸ਼ੁਰ ਨੇ ਆਤਮਾ ਦੇ ਦੁਆਰਾ ਸਾਡੇ ਉੱਤੇ ਪਰਗਟ ਕੀਤਾ ਕਿਉਂ ਜੋ ਆਤਮਾ ਸਾਰੀਆਂ ਵਸਤਾਂ ਦੀ ਸਗੋਂ ਪਰਮੇਸ਼ੁਰ ਦੀਆਂ ਡੂੰਘੀਆਂ ਵਸਤਾਂ ਦੀ ਜਾਚ ਕਰ ਲੈਂਦਾ ਹੈ। 11ਮਨੁੱਖ ਦੇ ਆਤਮਾ ਤੋਂ ਬਿਨਾ ਜੋ ਉਹ ਦੇ ਅੰਦਰ ਹੈ ਮਨੁੱਖਾਂ ਵਿੱਚੋਂ ਮਨੁੱਖ ਦੀਆਂ ਗੱਲਾਂ ਕੌਣ ਜਾਣਦਾ ਹੈ? ਇਸੇ ਪਰਕਾਰ ਪਰਮੇਸ਼ੁਰ ਦੇ ਆਤਮਾ ਤੋਂ ਬਿਨਾ ਪਰਮੇਸ਼ੁਰ ਦੀਆਂ ਗੱਲਾਂ ਕੋਈ ਨਹੀਂ ਜਾਣਦਾ ਹੈ। 12ਪਰ ਸਾਨੂੰ ਜਗਤ ਦਾ ਆਤਮਾ ਨਹੀਂ ਸਗੋਂ ਉਹ ਆਤਮਾ ਮਿਲਿਆ ਜਿਹੜਾ ਪਰਮੇਸ਼ੁਰ ਤੋਂ ਹੈ ਤਾਂ ਜੋ ਅਸੀਂ ਉਨ੍ਹਾਂ ਪਦਾਰਥਾਂ ਨੂੰ ਜਾਣੀਏ ਜਿਹੜੇ ਪਰਮੇਸ਼ੁਰ ਨੇ ਸਾਨੂੰ ਬਖਸ਼ੇ ਹਨ। 13ਅਸੀਂ ਇਨ੍ਹਾਂ ਗੱਲਾਂ ਨੂੰ ਮਾਣਸ ਗਿਆਨ ਦਿਆਂ ਦੱਸਿਆਂ ਹੋਇਆਂ ਸ਼ਬਦਾਂ ਨਾਲ ਨਹੀਂ ਸਗੋਂ ਆਤਮਾ ਦਿਆਂ ਦੱਸਿਆਂ ਹੋਇਆਂ ਸ਼ਬਦਾਂ ਨਾਲ ਅਰਥਾਤ ਆਤਮਕ ਗੱਲਾਂ ਆਤਮਕ ਮਨੁੱਖਾਂ ਨੂੰ ਦੱਸਦੇ ਹਾਂ।**

**ਆਇਤ 10.** ਰਸੂਲ ਨੇ ਆਪਣੇ ਪਾਠਕਾਂ ਨੂੰ ਸਮਝਾਉਣ ਦੇ ਲਈ ਯਸਾਯਾਹ ਦੀ ਪੁਸਤਕ ਤੋਂ ਵਾਕ ਲਏ ਸਨ ਕਿ ਮਸੀਹੀਆਂ ਦੇ ਦੁਆਰਾ ਅਪਨਾਇਆ ਗਿਆ ਪ੍ਰੌੜ ਗਿਆਨ ਇਸ ਜੁੱਗ ਦੇ ਸ਼ਾਸਕਾਂ ਦੇ ਦੁਆਰਾ ਵਰਤੇ ਜਾਣ ਵਾਲੇ ਨਿਪੁਣ ਗਿਆਨ ਨਾਲੋਂ ਬੇਹਤਰ ਹੈ। ਇਹ ਉੱਤਮਤਾ ਇਸ ਗੱਲ ਵਿਚ ਹੈ ਕਿ ਇਹ **ਆਤਮਾ ਦੇ ਦੁਆਰਾ . . . ਪਰਗਟ ਕੀਤਾ** ਗਿਆ ਹੈ। ਜਦੋਂ ਪੌਲੁਸ ਨੇ ਆਪਣੇ ਪਾਠਕਾਂ ਨੂੰ ਆਤਮਾ ਦੇ ਵਿਸ਼ੇ ਵਿਚ ਸੋਚਣ ਦੇ ਲਈ ਆਕਰਸ਼ਿਤ ਕੀਤਾ, ਤਾਂ ਉਸ ਨੇ ਪਹਿਲੇ ਪੁਰਖ ਨੂੰ ਬਹੁਵਚਨ ਪੜਨਾਂਵ **ਸਾਡੇ** ਦੇ ਰੂਪ ਵਿਚ ਇਸਤੇਮਾਲ ਕੀਤਾ। ਉਸ ਨੇ 2:12, 13 ਵਿਚ "ਸਾਨੂੰ" ਜਾਂ "ਅਸੀਂ" ਚਾਰ ਵਾਰ ਹੋਰ ਲਿਖਿਆ। ਪੌਲੁਸ ਆਪਣੇ ਆਪ ਦੇ ਨਾਲ ਹੋਰ ਕਿਹੜੇ ਲੋਕਾਂ ਨੂੰ ਸ਼ਾਮਲ ਕਰਦਾ ਹੈ? ਇੱਕ ਸੰਭਾਵਨਾ

ਇਹ ਹੈ ਕਿ ਉਹ ਰਸੂਲ ਦੇ ਅਧਿਕਾਰ ਤੇ ਜ਼ੋਰ ਦੇਣਾ ਚਾਹੁੰਦਾ ਹੈ। ਪੌਲੁਸ ਅਤੇ ਹੋਰਨਾਂ ਰਸੂਲਾਂ ਨੂੰ ਪਰਮੇਸ਼ੁਰ ਦੇ ਕੋਲੋਂ ਪਰਕਾਸ਼ ਮਿਲਿਆ ਸੀ ਜਿਸ ਨੇ ਸੰਸਾਰੀ ਗਿਆਨ ਨੂੰ ਦੂਰ ਕਰ ਦਿੱਤਾ ਸੀ। ਇਸ ਤੋਂ ਇਲਾਵਾ, ਰਸੂਲੀ ਅਧਿਕਾਰ ਦੀ ਪਹਿਚਾਣ ਉਸ ਧੜੇ ਬੰਦੀ ਨੂੰ ਖਤਮ ਕਰੇਗੀ ਜਿਸ ਨੇ ਕਲੀਸੀਆ ਨੂੰ ਦੁੱਖ ਦਿੱਤਾ ਸੀ। ਪਰ, ਇਸ ਪ੍ਰਸੰਗ ਵਿਚ ਪੌਲੁਸ ਨੇ ਹੋਰਨਾਂ ਰਸੂਲਾਂ ਦਾ ਕੋਈ ਹਵਾਲਾ ਨਹੀਂ ਦਿੱਤਾ। "ਸਾਡੇ" ਸ਼ਬਦ ਨੂੰ ਜ਼ਿਆਦਾ ਨਿਮਰ ਤਰੀਕੇ ਦੇ ਨਾਲ ਸਮਝਿਆ ਜਾਂਦਾ ਹੈ ਜਿਸ ਦੇ ਰਾਹੀਂ ਪੌਲੁਸ ਨੇ ਆਪਣੇ ਪਾਠਕਾਂ ਦੇ ਨਾਲ ਪਹਿਚਾਣ ਅਤੇ ਸੰਬੰਧ ਸਥਾਪਤ ਕੀਤਾ ਸੀ। ਪਵਿੱਤਰ ਆਤਮਾ ਦੇ ਸਿੱਧੇ ਪਰਕਾਸ਼ ਦੇ ਦੁਆਰਾ, ਉਹ **ਸਾਰੀਆਂ ਵਸਤਾਂ ਦੀ ਸਗੋਂ ਪਰਮੇਸ਼ੁਰ ਦੀਆਂ ਡੂੰਘੀਆਂ ਵਸਤਾਂ ਦੀ** ਖੋਜ ਕਰਨ ਦੇ ਕਾਬਲ ਸੀ। ਕੁਰਿੰਥੁਸ ਦੇ ਭਾਈਆਂ ਨੇ ਜਦੋਂ ਉਸ ਦੇ ਸ਼ਬਦਾਂ ਨੂੰ ਪੜ੍ਹਿਆ ਸੀ ਤਾਂ ਉਨ੍ਹਾਂ ਨੇ ਪੌਲੁਸ ਦੇ ਪ੍ਰਕਾਸ਼ਣ ਦੇ ਵਿਚ ਹਿੱਸਾ ਲਿਆ ਸੀ।

**ਆਇਤ 11.** ਜਦੋਂ ਉਸ ਨੇ ਲਿਖਿਆ **ਮਨੁੱਖ ਦੇ ਆਤਮਾ**, ਤਾਂ ਉਸ ਦਾ ਅਰਥ ਸਪੱਸ਼ਟ ਤੌਰ ਤੇ ਮਨੁੱਖ ਦਾ ਆਪਣਾ ਆਪ, ਉਸ ਦਾ ਮਨ ਅਤੇ ਵਿਅਕਤੀਗਤ ਵਿਚਾਰ ਸਨ। ਕੋਈ ਵੀ ਵਿਅਕਤੀ ਕਿਸੇ ਦੂਸਰੇ ਵਿਅਕਤੀ ਦਿਆਂ ਇਰਾਦਿਆਂ ਅਤੇ ਇੱਛਾਵਾਂ ਨੂੰ ਉਸ ਤਰ੍ਹਾਂ ਨਹੀਂ ਜਾਣ ਸਕਦਾ ਜਿਵੇਂ ਉਹ ਮਨੁੱਖ ਆਪ ਜਾਣ ਸਕਦਾ ਹੈ। ਮਨੁੱਖ ਅਤੇ ਮਨੁੱਖ ਦਾ ਆਤਮਾ ਇੱਕੋ ਹਨ।

> ਪੌਲੁਸ ਦੇ ਲਈ ਇੱਕ ਮਨੁੱਖ ਦਾ ਸਰੀਰ ਉਸ ਦੀ ਇੱਛਾ, ਉਸ ਦੇ ਪੇਸ਼ੇ, ਉਸ ਦੇ ਆਪਣੇ ਆਪ ਤੋਂ ਅਟੁੱਟ ਹੈ। ਸਰੀਰ ਹੀ ਹੈ ਜੋ ਇੱਕ ਵਿਅਕਤੀ *ਹੈ*; ਇਹ ਉਸ ਉਦੇਸ਼ ਨੂੰ ਦਰਸਾਉਂਦਾ ਹੈ ਜਿਸ ਦੇ ਲਈ ਕੋਈ ਜੀਉਂਦਾ ਅਤੇ ਮਰਦਾ ਹੈ, ਜਾਂ ਦੂਸਰੇ ਵਿਅਕਤੀ ਤੇ ਬੇਹਤਰ, ਪਰਗਟ ਕਰਦਾ ਹੈ ਕਿ ਕੋਈ ਕਿਸ ਦੇ ਲਈ ਜੀਉਂਦਾ ਅਤੇ ਮਰਦਾ ਹੈ (ਰੋਮੀਆਂ 14:7-9)।[5]

ਇੱਕ ਵਿਅਕਤੀ ਦੇ ਸਰੀਰ ਅਤੇ ਆਤਮਾ ਵਿਚਲੀ ਏਕਤਾ ਮਸੀਹੀਆਂ ਦੀ ਇਹ ਸਮਝਣ ਵਿਚ ਮਦਦ ਕਰਦੀ ਹੈ ਕਿ ਕਿਵੇਂ ਪਰਮੇਸ਼ੁਰ ਦਾ ਆਤਮਾ ਪਰਮੇਸ਼ੁਰ ਨੂੰ ਉਸੇ ਪ੍ਰਕਾਰ ਪਰਗਟ ਕਰਦਾ ਹੈ ਜਿਸ ਤਰ੍ਹਾਂ ਦਾ ਉਹ ਹੈ। ਤ੍ਰਿਏਕਤਾ ਦੀ ਇੱਕ ਸੰਪੂਰਣ ਡਾਕਟ੍ਰਿਨ ਵਿਕਸਤ ਕਰਨ ਤੋਂ ਬਿਨਾਂ ਹੀ, ਰਸੂਲ ਨੇ ਇਹ ਸੰਕੇਤ ਦਿੱਤਾ ਕਿ ਪਵਿੱਤਰ ਆਤਮਾ ਪਰਮੇਸ਼ੁਰ ਦੇ ਸਾਰ ਦਾ ਇੱਕ ਹਿੱਸਾ ਹੈ। ਸਿਰਫ **ਪਰਮੇਸ਼ੁਰ ਦਾ ਆਤਮਾ ਪਰਮੇਸ਼ੁਰ ਦੀਆਂ ਗੱਲਾਂ ਨੂੰ** ਜਾਣਦਾ ਹੈ। ਇਸ ਤੋਂ ਇਲਾਵਾ, "ਪਰਮੇਸ਼ੁਰ ਦਾ ਆਤਮਾ" ਵਿਸ਼ਵਾਸੀਆਂ ਵਿਚ ਕੰਮ ਕਰਦਾ ਹੈ, ਉਹ ਉਨ੍ਹਾਂ ਨੂੰ ਪਰਮੇਸ਼ੁਰ ਬਾਰੇ ਅਤੇ ਉਨ੍ਹਾਂ ਅਸੀਸਾਂ ਬਾਰੇ ਜਾਣਨ ਦੇ ਯੋਗ ਬਣਾਉਂਦਾ ਹੈ ਜੋ ਉਹ ਉਨ੍ਹਾਂ ਲੋਕਾਂ ਨੂੰ ਦਿੰਦਾ ਹੈ ਜੋ ਉਸ ਦੀ ਬੁਲਾਹਟ ਦਾ ਜਵਾਬ ਦਿੰਦੇ ਹਨ। *ਇੱਕ ਮਸੀਹੀ ਨੂੰ ਆਤਮਾ ਦੇ ਦੁਆਰਾ ਪਰਮੇਸ਼ੁਰ ਦਾ ਗਿਆਨ ਪ੍ਰਾਪਤ ਹੁੰਦਾ ਹੈ।* ਸੰਸਾਰ ਦਾ ਗਿਆਨ "ਨਾਸ ਹੋ ਰਿਹਾ ਹੈ" (2:6), ਪਰ ਪਰਮੇਸ਼ੁਰ ਦਾ ਗਿਆਨ ਉਸ ਮਹਿਮਾ ਨੂੰ ਪਰਗਟ ਕਰਦਾ ਹੈ ਜੋ "ਪਰਮੇਸ਼ੁਰ ਨੇ ਆਪਣੇ ਪ੍ਰੇਮੀਆਂ ਲਈ ਤਿਆਰ ਕੀਤੀਆਂ" ਹਨ (2:9)।

**ਆਇਤ 12.** ਕੁਰਿੰਥੁਸ ਦੇ ਮਸੀਹੀਆਂ ਨੂੰ ਪੌਲੁਸ ਦੇ ਦੁਆਰਾ ਦਿੱਤਾ ਜਾਣ ਵਾਲਾ ਗਿਆਨ ਉਸ **ਆਤਮਾ** ਵਿਚ ਸਾਂਝੀ ਹੋਣ ਤੋਂ **ਮਿਲਿਆ ਜਿਹੜਾ ਪਰਮੇਸ਼ੁਰ ਵੱਲੋਂ ਮਿਲਦਾ ਹੈ।** ਪਰਮੇਸ਼ੁਰ ਦੁਆਰਾ ਦਿੱਤਾ ਗਿਆ ਪਰਕਾਸ਼ **ਜਗਤ ਦੇ ਆਤਮਾ** ਦੇ ਨਾਲ ਪ੍ਰੇਰਿਤ

ਗਿਆਨ ਦੀ ਤੁਲਨਾ ਵਿਚ ਇਕਦਮ ਵੱਖਰਾ ਹੁੰਦਾ ਹੈ। "ਜਗਤ ਦਾ ਆਤਮਾ" ਇੱਕ ਸਵੈ-ਇਛੁੱਕ ਹਸਤੀ ਨਹੀਂ ਹੈ; ਇਹ ਆਤਮ-ਨਿਰਭਰਤਾ ਦੇ ਲਈ ਦਿਮਾਗ ਦੀ ਇੱਕ ਸੀਮਾ ਦੇ ਲਈ ਇੱਕ ਢਾਂਚਾ, ਸ਼ਕਤੀ ਦਾ ਇਸਤੇਮਾਲ, ਅਤੇ ਅਨੁਭਵੀ ਸੰਤੁਸ਼ਟੀ ਹੈ। ਸਵਰਗ ਤੱਕ ਪਹੁੰਚਣ ਦੇ ਲਈ ਬੁਰਜ ਬਣਾਉਣ ਵਰਗੇ ਟੀਚੇ ਬਣਾਉਣੇ (ਉਤਪਤ 11:4), ਮਨੁੱਖ ਜਾਤੀ ਆਪਣੇ ਆਪ ਨੂੰ ਬੁੱਧਵਾਨ ਮੰਨਦੇ ਹੋਏ ਆਪਣੀਆਂ ਹੀ ਚਤੁਰਾਈਆਂ ਦੇ ਵਿਚ ਗ੍ਰਸਿਤ ਹੈ। ਓਹ ਆਪ ਨੂੰ ਬੁੱਧੀਵਾਨ ਮੰਨ ਕੇ "ਜਗਤ ਦੇ ਆਤਮਾ" ਨਾਲ ਮਗਨ ਹੋ ਕੇ ਮੂਰਖ ਬਣ ਗਏ (ਰੋਮੀਆਂ 1:22)।

"ਜਗਤ ਦੇ ਆਤਮਾ" ਤੋਂ ਉਲਟ, "ਪਰਮੇਸ਼ੁਰ ਤੋਂ ਮਿਲਿਆ ਹੋਇਆ ਆਤਮਾ" ਇੱਕ ਸੰਜਮੀ ਵਿਅਕਤੀ ਹੈ ਜੋ ਸੱਚੇ ਪਰਮੇਸ਼ੁਰ ਨੂੰ ਪਰਗਟ ਕਰਨ ਦੇ ਲਈ ਮਨੁੱਖੀ ਸਮੇਂ ਤੇ ਆਉਂਦਾ ਹੈ। "ਪਰਮੇਸ਼ੁਰ ਤੋਂ ਮਿਲਿਆ ਹੋਇਆ ਆਤਮਾ" ਪਰਮੇਸ਼ੁਰ ਦੇ ਪ੍ਰੇਮ ਨੂੰ ਮਨੁੱਖੀ ਦਿਲਾਂ ਵਿਚ ਪਾਉਂਦਾ ਹੈ (ਰੋਮੀਆਂ 5:5)। ਕੁਰਿੰਥੁਸ ਵਿਚ ਪਵਿੱਤਰ ਆਤਮਾ ਨੇ ਵਿਸ਼ਵਾਸੀਆਂ ਨੂੰ ਧੋਖਾ ਦੇਣ ਵਾਲੀਆਂ, ਵਿਨਾਸ਼ਕਾਰੀ, ਆਕਰਸ਼ਕ ਅਵਾਜ਼ਾਂ ਨੂੰ ਪਹਿਚਾਨਣ ਦੇ ਯੋਗ ਬਣਾਇਆ **ਤਾਂ ਜੋ** [ਉਹ] **ਉਨ੍ਹਾਂ ਪਦਾਰਥਾਂ ਨੂੰ . . . ਜਿਹੜੇ ਪਰਮੇਸ਼ੁਰ ਨੇ . . . ਬਖਸ਼ੇ ਹਨ।**

ਪੌਲੁਸ ਦਾ ਮਕਸਦ ਇਨ੍ਹਾਂ ਵਿਸ਼ਵਾਸੀਆਂ ਨੂੰ ਯਕੀਨ ਦਿਵਾਉਣਾ ਸੀ-। ਸਲੀਬ ਦੇ ਸੰਦੇਸ਼ ਵਿਚ ਸੰਸਾਰਿਕ ਬੁੱਧੀ ਦਾ ਸ਼ਿੰਗਾਰ ਨਹੀਂ ਹੋ ਸਕਦਾ ਹੈ; ਪਰ ਇਸ ਕਾਰਨ ਇਸ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ। "ਪਰਮੇਸ਼ੁਰ ਤੋਂ ਮਿਲਿਆ ਹੋਇਆ ਆਤਮਾ" ਆਗਿਆਕਾਰੀ ਵਿਸ਼ਵਾਸੀਆਂ ਨੂੰ ਉਨ੍ਹਾਂ ਸਾਰੇ ਚੰਗੇ ਦਾਨਾਂ ਨੂੰ ਜਾਣਨ ਅਤੇ ਉਨ੍ਹਾਂ ਵਿਚ ਭਾਗੀ ਹੋਣ ਦੇ ਯੋਗ ਬਣਾਉਂਦਾ ਹੈ ਜਿਨ੍ਹਾਂ ਦਾ ਪਰਮੇਸ਼ੁਰ ਨੇ ਆਪਣੇ ਲੋਕਾਂ ਦੇ ਨਾਲ ਵਾਇਦਾ ਕੀਤਾ ਹੈ, ਜਦਕਿ "ਜਗਤ ਦਾ ਆਤਮਾ" ਕੁਝ ਵੀ ਪ੍ਰਦਾਨ ਨਹੀਂ ਕਰ ਸਕਦਾ ਹੈ।

**ਆਇਤ 13.** ਰਸੂਲ ਨੇ ਆਤਮਾ ਦੇ ਦੁਆਰਾ ਕੁਰਿੰਥੀਆਂ ਦੇ ਲੋਕਾਂ ਨੂੰ – "ਉਨ੍ਹਾਂ ਪਦਾਰਥਾਂ ਦੇ ਵਿਸ਼ੇ ਵਿਚ ਦੱਸਿਆ ਜਿਹੜੇ ਪਰਮੇਸ਼ੁਰ ਨੇ ਸਾਨੂੰ ਬਖਸ਼ੇ ਹਨ।" ਆਇਤ 13 ਕਹਿੰਦੀ ਹੈ, **ਆਤਮਿਕ ਗੱਲਾਂ ਆਤਮਿਕ ਮਨੁੱਖਾਂ ਨੂੰ ਦੱਸਦੇ ਹਾਂ।** ਪੌਲੁਸ ਜਾਣਦਾ ਸੀ ਕਿ ਪਵਿੱਤਰ ਆਤਮਾ ਉਸ ਦੇ ਦੁਆਰਾ ਉਸ ਪਰਕਾਸ਼ ਨੂੰ ਜੋ ਉਸ ਨੇ ਬੋਲਿਆ ਅਤੇ ਲਿਖਿਆ ਸੀ ਸੰਬੋਧਤ ਕਰਨ ਦੇ ਲਈ ਕੰਮ ਕਰ ਰਿਹਾ ਸੀ (ਵੇਖੋ ਅਫ਼ਸੀਆਂ 3:3, 4)। ਉਸ ਨੇ ਜੋ ਲਿਖਿਆ ਸੀ ਉਹ ਕੁਰਿੰਥੁਸ ਵਿਚ ਪਰਮੇਸ਼ੁਰ ਦੇ ਹੁਕਮ ਦੇ ਰੂਪ ਵਿਚ ਪ੍ਰਾਪਤ ਹੋਇਆ ਸੀ (1 ਕੁਰਿੰਥੀਆਂ 14:37)। ਕੁਰਿੰਥੀਆਂ ਦੇ ਲਈ ਉਸ ਦੀ ਸਲਾਹ **ਮਾਣਸ ਗਿਆਨ ਦਿਆਂ ਦੱਸਿਆਂ ਹੋਇਆਂ ਸ਼ਬਦਾਂ ਨਾਲ ਅਰਥਾਤ ਆਤਮਿਕ ਗੱਲਾਂ ਆਤਮਿਕ ਮਨੁੱਖਾਂ ਨੂੰ ਦੱਸਦੇ ਹਾਂ।** ਉਹ ਸ਼ਬਦ ਜਿਨ੍ਹਾਂ ਦਾ ਸੋਮਾ ਪਵਿੱਤਰ ਆਤਮਾ ਹੋਵੇ ਉਹ ਕੁਰਿੰਥੁਸ ਦੀ ਕਲੀਸੀਆ ਵਿਚਲੀ ਧੜੇਬੰਦੀ ਨੂੰ ਠੀਕ ਕਰਨਗੇ। ਉਹ ਇੱਕੋ ਕ੍ਰਮ ਵਿਚ ਮੈਂਬਰਾਂ ਨੂੰ ਸਥਾਪਤ ਕਰਨਗੇ ਤਾਂ ਕਿ ਉਹ "ਇੱਕੋ ਮਨ ਅਤੇ ਇੱਕੋ ਵਿਚਾਰ ਵਿੱਚ ਪੂਰੇ ਹੋ ਜਾਣ" (1:10)।

ਉਹ ਕਿਰਿਆ ਜਿਸ ਦਾ ਅਨੁਵਾਦ **ਅਰਥਾਤ** (συγκρίνω, *ਸਨਕਰੀਨੋ*) ਕੀਤਾ ਗਿਆ ਹੈ ਨਵੇਂ ਨੇਮ ਵਿਚ ਸਿਰਫ 2:13 ਵਿਚ ਅਤੇ ਦੋ ਵਾਰ ਹੋਰ 2 ਕੁਰਿੰਥੀਆਂ 10:12 ਵਿਚ ਆਉਂਦਾ ਹੈ। ਇਸ ਸ਼ਬਦ ਦੇ ਤਿੰਨ ਸੰਭਵ ਅਰਥ ਹਨ: "ਜੋੜਣਾ," "ਤੁਲਨਾ ਕਰਨਾ," ਅਤੇ "ਵਿਆਖਿਆ ਕਰਨਾ।"[6] 2 ਕੁਰਿੰਥੀਆਂ 10:12 ਵਿਚ ਪ੍ਰਸੰਗ ਲਈ ਅਨੁਵਾਦ "ਤੁਲਨਾ ਕਰੋ" ਦੀ ਲੋੜ ਹੈ, ਪਰ 2:13 ਵਿਚ ਇਸ ਦਾ ਅਰਥ **ਆਤਮਿਕ** ਦੀਆਂ ਦੋ ਘਟਨਾਵਾਂ ਦੇ

ਲਿੰਗ ਤੇ ਨਿਰਭਰ ਕਰਦਾ ਹੈ। ਇੱਕ ਉਦਾਹਰਣ ਵਿਚ ਵਿਸ਼ੇਸ਼ਣ (πνευματικὰ, *ਨਿਉਮਟਿਕਾ*) ਸਪੱਸ਼ਟ ਤੌਰ ਤੇ ਨਪੁੰਸਕ ਹੈ, ਜਿਸ ਦਾ ਅਰਥ ਹੈ "ਆਤਮਿਕ ਗੱਲਾਂ।" ਦੂਸਰਾ (πνευματικοῖς, *ਨਿਊਮੈਟਿਕੋਇਸ*) ਯੂਨਾਨੀ ਭਾਸ਼ਾ ਵਿਚ ਅਨੇਕ ਸ਼ਬਦ ਹੈ। ਮਰਦਾਨਾ ਅਤੇ ਨਪੁੰਸਕ ਦੋਵੇਂ ਦੇ ਲਈ ਇੱਕ ਹੀ ਰੂਪ ਦਾ ਇਸਤੇਮਾਲ ਕੀਤਾ ਜਾਂਦਾ ਹੈ। ਜੇਕਰ ਇਸ ਨੂੰ ਮਰਦਾਨਾ ਸਮਝਿਆ ਜਾਂਦਾ ਹੈ, ਤਾਂ ਇਹ "ਆਤਮਿਕ ਮਨੁੱਖਾਂ" ਜਾਂ "ਆਤਮਿਕ ਸ਼ਬਦਾਂ" ਦਾ ਉਲੇਖ ਕਰ ਸਕਦਾ ਹੈ। ਜੇਕਰ ਇਸ ਨੂੰ ਨਪੁੰਸਕ ਦੇ ਰੂਪ ਵਿਚ ਪੜ੍ਹਿਆ ਜਾਂਦਾ ਹੈ ਤਾਂ, ਇਹ ਆਤਮਿਕ ਵਿਚਾਰਾਂ ਦਾ ਉਲੇਖ ਕਰਦਾ ਹੈ। NRSV ਮਰਦਾਨਾ ਹੋਣ ਦੇ ਲਈ ਅਰਥ ਦੇ ਲਈ "ਵਿਆਖਿਆ ਕਰਨਾ" ਅਤੇ ਵਿਸ਼ੇਸ਼ਣ ਦੇ ਲਈ "ਆਤਮਿਕ" *ਸਨਕਰੀਨੋ* ਸ਼ਬਦ ਨੂੰ ਲੈਂਦਾ ਹੈ, ਇਸ ਲਈ 2:13 ਦਾ ਅਨੁਵਾਦ ਇਸ ਪ੍ਰਕਾਰ ਪੜ੍ਹਿਆ ਜਾਵੇ, ". . . ਆਤਮ, ਗੱਲਾਂ ਆਤਮ, ਮਨੁੱਖਾਂ ਨੂੰ ਦੱਸਦੇ ਹਾਂ।"[7]

NASB ਅਤੇ NIV ਦੋਵੇਂ NRSV ਤੋਂ ਵੱਖਰਾ ਦ੍ਰਿਸ਼ਟੀਕੋਣ ਅਪਨਾਉਂਦੇ ਹਨ: ". . . ਆਤਮਿਕ ਵਿਚਾਰਾਂ ਨੂੰ ਆਤਮਿਕ ਸ਼ਬਦਾਂ ਦੇ ਨਾਲ ਮਿਲਾਉਂਦੇ ਹੋਏ" (NASB) ਅਤੇ ". . . ਆਤਮਿਕ ਸੱਚਾਈਆਂ ਨੂੰ ਆਤਮਾ ਦੇ ਸਿਖਾਏ ਸ਼ਬਦਾਂ ਦੇ ਨਾਲ ਵਿਆਖਿਆ ਕਰਦੇ ਹੋਏ" (NIV)। ਉਹ ਵਿਚਾਰ ਵਿਚ ਇੱਕ ਦੂਜੇ ਦੇ ਸਮਾਨ ਹਨ, "ਆਤਮਿਕ" ਦੇ ਸੰਦੇਹਪੂਰਣ ਆਉਣ ਨੂੰ ਮਰਦਾਨਾ ਦੇ ਰੂਪ ਵਿਚ ਸਮਝਣਾ ਪਰ ਇਸ ਨੂੰ ਲਾਗੂ ਕਰਨ ਦੇ ਲਈ "ਸ਼ਬਦਾਂ" ਤੇ ਟਿੱਪਣੀ ਕਰਨਾ। ਪੌਲੁਸ ਦੀ ਸਿੱਖਿਆ ਨੂੰ ਨੁਕਸਾਨ ਨਾ ਪਹੁੰਚਾਏ ਬਿਨਾਂ ਕਿਸੇ ਵੀ ਅਨੁਵਾਦ ਦਾ ਬਚਾਅ ਕੀਤਾ ਜਾ ਸਕਦਾ ਹੈ; ਪਰ ਜਦਕਿ ਪੌਲੁਸ ਨੂੰ ਚਿੰਤਾ ਸੀ ਕਿ ਉਸ ਦੇ ਪਾਠਕ ਆਤਮਾ ਦੇ ਦੁਆਰਾ ਪਰਮੇਸ਼ੁਰ ਦੇ ਪਰਕਾਸ਼ ਦੇ ਉੱਤੇ ਵਿਸ਼ਵਾਸ ਕਰਦੇ ਹਨ, ਇਸ ਲਈ NRSV ਦਾ ਅਨੁਵਾਦ, "ਉਹ ਜੋ ਆਤਮਿਕ ਹਨ," ਵਿਅਕਤੀਆਂ ਦਾ ਉਲੇਖ ਕਰਨਾ, ਬੇਹਤਰ ਹੈ।

## ਆਤਮਿਕ ਅਤੇ ਸੰਸਾਰਿਕ ਮਨੁੱਖ (2:14-16)

ਯਿਸੂ ਮਸੀਹ ਨੂੰ ਪਹਿਨ ਲੈਣਾ ਇੱਕ ਮਨੁੱਖ ਦੇ ਲਈ ਮਿਸ਼ਨਰੀ ਹੋਣਾ ਹੈ। ਯਿਸੂ ਉੱਤੇ ਵਿਸ਼ਵਾਸ ਰੱਖਣ, ਉਸ ਨੂੰ ਦਿਲ ਅਤੇ ਜਾਨ ਤੋਂ ਪਿਆਰ ਕਰਨ ਦੇ ਲਈ, ਵਿਸ਼ਵਾਸੀਆਂ ਨੂੰ ਚਾਹੀਦਾ ਹੈ ਕਿ ਜਿਨ੍ਹਾਂ ਲੋਕਾਂ ਨੂੰ ਉਹ ਪਿਆਰ ਕਰਦੇ ਹਨ ਉਨ੍ਹਾਂ ਨੂੰ ਦੱਸਣ ਕਿ ਉਨ੍ਹਾਂ ਨੂੰ ਕੀ ਲੱਭਿਆ ਹੈ। ਜਦੋਂ ਮਸੀਹੀ ਉਦਾਸੀਨਤਾ, ਜਾਂ ਉਸ ਤੋਂ ਵੀ ਬੁਰਾ ਸੰਸਾਰ ਦੀ ਦੁਸ਼ਮਣੀ ਦਾ ਸਾਹਮਣਾ ਕਰਦੇ ਹਨ ਤਾਂ ਉਹ ਉਲਝਣ ਵਿਚ ਪੈ ਜਾਂਦੇ ਹਨ। ਹਰ ਕੋਈ ਵੇਖ ਕਿਉਂ ਨਹੀਂ ਸੱਕਦਾ ਹੈ? ਪੌਲੁਸ ਨੇ 2:14-16 ਵਿਚ ਇਸ ਪ੍ਰਸ਼ਨ ਦਾ ਉੱਤਰ ਦਿੱਤਾ।

**[14]ਪਰ ਪ੍ਰਾਣਿਕ ਮਨੁੱਖ ਪਰਮੇਸ਼ੁਰ ਦੇ ਆਤਮਾ ਦੀਆਂ ਗੱਲਾਂ ਨੂੰ ਕਬੂਲ ਨਹੀਂ ਕਰਦਾ ਕਿਉਂ ਜੋ ਓਹ ਉਸ ਦੇ ਲੇਖੇ ਮੂਰਖਤਾਈ ਹਨ ਅਤੇ ਉਹ ਉਨ੍ਹਾਂ ਨੂੰ ਨਹੀਂ ਜਾਣ ਸੱਕਦਾ ਇਸ ਲਈ ਜੋ ਆਤਮਕ ਰੀਤ ਨਾਲ ਉਨ੍ਹਾਂ ਦੀ ਜਾਚ ਕਰੀਦੀ ਹੈ। [15]ਪਰ ਜਿਹੜਾ ਆਤਮਕ ਹੈ ਉਹ ਤਾਂ ਸਭਨਾਂ ਗੱਲਾਂ ਦੀ ਜਾਚ ਕਰਦਾ ਹੈ ਪਰ ਆਪ ਕਿਸੇ ਤੋਂ ਜਾਚਿਆ ਨਹੀਂ ਜਾਂਦਾ। [16]ਕਿਉਂ ਜੋ ਪ੍ਰਭੁ ਦੀ ਬੁੱਧੀ ਨੂੰ ਕਿਨ ਜਾਣਿਆ ਹੈ ਭਈ ਉਹ ਨੂੰ ਸਮਝਾਵੇ? ਪਰ ਮਸੀਹ ਦੀ ਬੁੱਧੀ ਸਾਡੇ ਵਿੱਚ ਹੈ।**

**ਆਇਤ 14.** ਅਨੁਵਾਦ **ਪ੍ਰਾਣਿਕ ਵਿਅਕਤੀ** ਇੱਕ ਭਾਸ਼ਾ ਦੇ ਮੁਹਾਵਰੇ ਨੂੰ ਲੈ ਕੇ ਉਸ ਨੂੰ

ਦੂਸਰੀ ਭਾਸ਼ਾ ਵਿਚ ਲੈ ਜਾਣ ਵਿਚਲੀ ਮੁਸ਼ਕਲ ਦੀ ਗਵਾਹੀ ਦਿੰਦਾ ਹੈ। ਅੰਗ੍ਰੇਜ਼ੀ ਵਿਚ ψυχικός (*ਸੁਚੀਕੋਸ*) ਦੇ ਸਮਾਨ ਕੋਈ ਸ਼ਬਦ ਨਹੀਂ ਹੈ, ਭਾਵੇਂ "ਪ੍ਰਾਣਿਕ ਵਿਅਕਤੀ" ਘੱਟੋ ਘੱਟ ਸਹੀ ਸੀਮਾ ਦੇ ਵਿਚ ਹੈ। ਪੌਲੁਸ ਦੇ ਮਨ ਵਿਚ ਇੱਕ ਅਜਿਹਾ ਵਿਅਕਤੀ ਸੀ ਜੋ ਉੱਪਰੀ ਪੱਧਰ ਦਾ ਜੀਵਨ ਗੁਜ਼ਾਰਦਾ ਹੋਵੇ ਜਿਸ ਵਿਚ ਕੁਦਰਤੀ ਭੁੱਖਾਂ ਦੇ ਨਿਯੰਤਰਣ ਵਿਚ ਹੋਣ। ਪ੍ਰਾਣਿਕ ਵਿਅਕਤੀ ਥੋੜੇ ਜਿਹੇ ਪ੍ਰੇਮ, ਨੈਤਿਕਤਾ, ਅਤੇ ਆਪਣੇ ਖੁਦ ਦੇ ਲਈ, ਖਾਂਦਾ, ਸੌਂਦਾ, ਖੁਸ਼ੀ ਦੀ ਭਾਲ ਕਰਦਾ ਅਤੇ ਵਿਸ਼ੇਸ਼ ਅਧਿਕਾਰਾਂ ਦੇ ਲਈ ਲੜਦਾ ਹੈ। ਉਸ ਦੇ ਮਨ ਵਿਚ ਕਾਇਨਾਤ ਜਾਂ ਮਨੁੱਖ ਜਾਤੀ ਦੇ ਸੁਭਾਅ ਦੇ ਵਿਸ਼ੇ ਵਿਚ ਜੋ ਵੀ ਵਿਚਾਰ ਹਨ ਉਹ ਉਸ ਦੇ ਆਪਣੇ ਅੰਦਾਜ਼ੇ ਦੇ ਦੁਆਰਾ ਕਾਇਲ ਹੋ ਜਾਂਦੇ ਹਨ। ਇਸ ਦੇ ਹੋਰ ਵਿਕਸਿਤ ਰੂਪ ਵਿਚ, ਅੰਦਾਜ਼ਾ ਨੂੰ "ਫਿਲਾਸਫੀ" ਦੇ ਰੂਪ ਵਿਚ ਦਿੱਤੇ ਗਏ ਹਨ। ਕੁਦਰਤੀ ਵਿਅਕਤੀ ਅਗਿਆਨਤਾ ਵਿਚ ਰਹਿ ਸਕਦਾ ਹੈ, ਜਾਂ ਉਹ ਇੱਕ ਵਧੀਆ ਦਾਰਸ਼ਨਿਕ ਹੋ ਸਕਦਾ ਹੈ। ਅਜਿਹੇ ਲੋਕਾਂ ਦੇ ਲਈ, ਪਰਮੇਸ਼ੁਰ ਦਾ ਆਪਣੇ ਆਪ ਦੇ ਪ੍ਰਤਿ ਪਰਕਾਸ਼ ਅਪ੍ਰਸੰਗਿਕ ਹੈ ਕਿ ਜੀਵਨ ਦਾ ਅਰਥ ਕੀ ਹੈ। ਇਸ ਲਈ, ਉਹ ਪਰਮੇਸ਼ੁਰ ਦੇ ਵਚਨ ਨੂੰ ਮੂਰਖਤਾ ਦੇ ਰੂਪ ਵਿਚ ਖਾਰਿਜ ਕਰ ਦਿੰਦੇ ਹਨ। ਇਸ ਦੇ ਉਲਟ, ਪਰਮੇਸ਼ੁਰ ਆਤਮ ਨਿਰਭਰ ਅਨੰਦ ਅਤੇ ਆਤਮ ਕੇਂਦ੍ਰਿਤ ਅੰਦਾਜ਼ਿਆਂ ਨੂੰ ਮੂਰਖਤਾ ਦੇ ਰੂਪ ਵਿਚ ਵੇਖਦਾ ਹੈ (3:19)।

ਪ੍ਰਾਣਿਕ ਵਿਅਕਤੀ ਅਤੇ ਆਤਮਿਕ ਵਿਅਕਤੀ ਦੇ ਵਿਚਕਾਰ, ਬਹੁਤ ਹੀ ਥੋੜੀ ਸਾਂਝ ਹੈ। ਦੋਵੇਂ ਵੱਖ-ਵੱਖ ਖੇਤਰਾਂ ਵਿਚ ਚੱਲਦੇ ਹਨ। ਬਿਲਕੁਲ ਪ੍ਰਾਣਿਕ ਵਿਅਕਤੀ **ਆਤਮਾ ਦੀਆਂ ਗੱਲਾਂ ਨੂੰ ਕਬੂਲ ਨਹੀਂ ਕਰਦਾ।** ਇਹ ਸਲੀਬ ਦੇ ਸੰਦੇਸ਼ ਦੇ ਪ੍ਰਤਿ ਉਸ ਦੀ ਉਦਾਸੀਨਤਾ ਜਾਂ ਦੁਸ਼ਮਣੀ ਦੇ ਲਈ ਜ਼ਿੰਮੇਵਾਰ ਹੈ। ਆਤਮਾ ਦੀਆਂ ਗੱਲਾਂ **ਉਸ ਦੇ ਲੇਖੇ ਮੂਰਖਤਾਈ ਹਨ; ਅਤੇ ਉਹ ਉਨ੍ਹਾਂ ਨੂੰ ਨਹੀਂ ਜਾਣ ਸੱਕਦਾ।** ਪ੍ਰਾਣਿਕ ਵਿਅਕਤੀ ਆਪਣੇ ਸੰਸਾਰਿਕ ਗਿਆਨ ਤੇ ਨਿਰਭਰ ਕਰਕੇ, ਜਿਵੇਂ ਕਿ ਉਹ ਕਰਦਾ ਹੈ, ਉਸ ਦੇ ਕੋਲ ਪਰਮੇਸ਼ੁਰ ਦੇ ਪਰਕਾਸ਼ ਦਾ ਮੁਲਾਂਕਣ ਕਰਨ ਅਤੇ ਉਸ ਦੀ ਸ਼ਲਾਘਾ ਕਰਨ ਦੇ ਲਈ ਸੋਮਿਆਂ ਦੀ ਕਮੀ ਹੈ। "ਪਰਮੇਸ਼ੁਰ ਦੇ ਆਤਮਾ" ਦੁਆਰਾ ਪਰਗਟ ਕੀਤੀਆਂ ਗਈਆਂ ਚੀਜ਼ਾਂ ਦੀ **ਆਤਮਿਕ ਰੀਤ ਨਾਲ ਜਾਚ** ਕੀਤੀ ਜਾਣੀ ਚਾਹੀਦੀ ਹੈ।

ਪੌਲੁਸ ਨੇ ਕੁਰਿੰਥੀਆਂ ਦੇ ਵਿਸ਼ਵਾਸੀਆਂ ਨੂੰ ਯਕੀਨ ਦਿਵਾਇਆ ਕਿ, ਜਦੋਂ ਉਨ੍ਹਾਂ ਨੇ ਪਵਿੱਤਰ ਆਤਮਾ ਦੇ ਦੁਆਰਾ ਸਿਖਾਏ ਜਾਣ ਦੀ ਇਜਾਜ਼ਤ ਦਿੱਤੀ ਸੀ, ਤਾਂ ਉਹ ਪਰਮੇਸ਼ੁਰ ਦੇ ਗਿਆਨ ਵਿਚ ਹਿੱਸਾ ਲੈ ਰਹੇ ਸਨ। ਅਜਿਹੇ ਗਿਆਨ ਨੂੰ ਸਿਰਫ ਅੰਦਰੋਂ ਹੀ ਸਮਝਿਆ ਜਾ ਸਕਦਾ ਹੈ। ਇੱਕ ਮਸੀਹੀ ਇੱਕ ਅਵਿਸ਼ਵਾਸੀ ਨੂੰ ਮਸੀਹ ਵਿਚ ਹੋਣ ਦੀ ਸੰਪੂਰਣ ਭਲਾਈ, ਆਸ ਅਤੇ ਸੰਗਤੀ ਦੇ ਵਿਸ਼ੇ ਵਿਚ ਨਹੀਂ ਦੱਸ ਸਕਦਾ ਹੈ। ਅਜਿਹਾ ਗਿਆਨ ਸਿਰਫ ਉਸ ਵਿਚ ਜੀਵਨ ਗੁਜ਼ਾਰਣ ਦੇ ਦੁਆਰਾ ਹੀ ਪਰਾਪਤ ਹੁੰਦਾ ਹੈ। ਪਰਮੇਸ਼ੁਰ ਦੇ ਆਤਮਾ ਨੂੰ ਪਰਾਪਤ ਕਰਨ ਤੋਂ ਪਹਿਲਾਂ ਇੱਕ ਮਨੁੱਖ ਨੂੰ ਲੋੜ ਹੁੰਦੀ ਹੈ ਕਿ ਉਹ ਆਪਣੇ ਆਪ ਨੂੰ ਪਰਮੇਸ਼ੁਰ ਦੇ ਸਾਹਮਣੇ ਖੋਲ ਦੇਵੇ।

ਰੌਬਰਟ ਐੱਚ. ਸਟੀਨ ਨੇ ਦੱਸਿਆ ਕਿ ਇੱਕ ਅਵਿਸ਼ਵਾਸੀ ਵਿਅਕਤੀ ਬਾਈਬਲ ਦੀ ਸੱਚਾਈ ਦੇ ਵਿਅਕਤੀਗਤ ਮਹੱਤਵ ਨੂੰ ਅਸਵੀਕਾਰ ਕਰ ਸਕਦਾ ਹੈ ਭਾਵੇਂ ਉਸ ਨੂੰ ਖੁਦ ਤੱਥਾਂ ਦੀ ਸਪੱਸ਼ਟ ਸਮਝ ਹੋਵੇ।[8] ਜਦੋਂ ਇੱਕ ਅਵਿਸ਼ਵਾਸੀ "ਮੂਰਖਤਾਈ" ਵਜੋਂ ਰੱਦ ਕਰਦਾ ਹੈ, ਤਾਂ ਉਹ ਇਸ ਗੱਲ ਦਾ ਦਾਅਵਾ ਕਰਦਾ ਹੈ ਕਿ ਉਹ ਇਸ ਮਸੀਹੀ ਗਵਾਹੀ ਦੇ ਉੱਤੇ ਵਿਸ਼ਵਾਸ ਨਹੀਂ ਕਰਦਾ ਹੈ ਕਿ ਯਿਸੂ ਮਸੀਹ ਦੇ ਵਿਅਕਤੀ ਦੇ ਰੂਪ ਵਿਚ ਪਰਮੇਸ਼ੁਰ ਇਤਹਾਸਕ ਤੌਰ

ਤੇ ਕਿਰਿਆਸ਼ੀਲ ਸੀ। ਉਸ ਨੂੰ ਬਾਈਬਲ ਦੇ ਇਤਹਾਸ ਦੀ ਜਾਣਕਾਰੀ ਅਤੇ ਪੌਲੁਸ ਦੇ ਦਾਅਵਿਆਂ ਦੀ ਠੋਸ ਸਮਝ ਹੋ ਸਕਦੀ ਹੈ। ਜਦੋਂ ਉਹ ਸਮਝਦਾ ਹੈ ਕਿ ਜੋ ਉਹ ਸੁਣ ਰਿਹਾ ਹੈ ਉਹ ਮੂਰਖਤਾ ਹੈ, ਤਾਂ ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ ਕਿ ਉਹ ਕਿਸੇ ਬੌਧਿਕ ਪੱਧਰ ਤੇ ਸਮਝਣ ਤੋਂ ਅਸਮਰੱਥ ਹਨ। ਇਸ ਦੀ ਬਜਾਇ, ਉਹ ਆਪਣੇ ਆਪ ਦੇ ਲਈ ਇੰਜੀਲ ਦੇ ਮਹੱਤਵ ਨੂੰ ਖਾਰਜ ਕਰਦਾ ਹੈ।

ਇਸ ਅੰਸ਼ ਵਿਚ ਪਹਿਚਾਣੀਆਂ ਜਾਣ ਵਾਲੀਆਂ ਤਿੰਨ ਸ਼੍ਰੇਣੀਆਂ ਉਲਝਣ ਵਾਲੀਆਂ ਹਨ। ਕੁਝ ਲੋਕ ਉਨ੍ਹਾਂ ਨੂੰ ਸਪੱਸ਼ਟ ਰੂਪ ਵਿਚ ਵੰਡਣਾ ਚਾਹੁੰਦੇ ਹਨ: (1) "ਆਤਮਿਕ" (πνευματικοί, *ਨੂਮੇਟਿਕੋਈ*) ਜੋ ਨਵਾਂ ਜਨਮ ਪਾਏ ਹੋਏ ਹਨ ਅਤੇ ਆਤਮਿਕ ਤੌਰ ਤੇ ਸਿਆਣ ਹੋਣ ਦੇ ਕਾਰਨ ਪੌਲੁਸ ਦੇ ਸਹਾਇਕ ਹਨ। (2) "ਸਰੀਰਕ" ਮਨੁੱਖ (σαρκικοί, *ਸਰਕੀਕੋਏ*) ਜਿਨ੍ਹਾਂ ਨੇ ਨਵਾਂ ਜਨਮ ਪ੍ਰਾਪਤ ਨਹੀਂ ਕੀਤਾ ਹੈ (3:3)। (3) "ਪ੍ਰਾਣਿਕ" ਮਨੁੱਖ (ψυχικοί, *ਸੂਚੀਕੋਏ*) ਅਪ੍ਰੌੜ੍ਹ ਹੁੰਦੇ ਹਨ। ਇਹ ਸ਼ਬਦਾਵਲੀ ਉਸ ਸਮੇਂ ਟੁੱਟ ਜਾਂਦੀ ਹੈ ਜਦੋਂ ਕੋਈ ਇਹ ਸਮਝ ਜਾਂਦਾ ਹੈ ਕਿ ਪੌਲੁਸ ਨੇ ਸਮਾਨ ਲੋਕਾਂ ਨੂੰ *ਸਰਕੀਕੋਏ* ਅਤੇ *ਸੂਚੀਕੋਏ* ਦੇ ਰੂਪ ਵਿਚ ਦੋਸ਼ੀ ਠਹਿਰਾਇਆ ਸੀ। 3:3 ਵਿਚ ਪੌਲੁਸ ਦਾ ਵਿਸ਼ਾ ਮੂਰਤੀਪੂਜਕ ਲੋਕ ਨਹੀਂ ਸਨ; ਇਹ ਕੁਰਿੰਥੁਸ ਦੇ ਮਸੀਹੀ ਲੋਕ ਸਨ। ਬਾਅਦ ਦੇ ਦੋ ਸਮੂਹਾਂ ਨੂੰ ਦੋ ਵੱਖ-ਵੱਖ ਪਹਿਲੂਆਂ ਤੋਂ ਵਿਚਾਰਿਆ ਜਾਂਦਾ ਹੈ, ਜਿਨ੍ਹਾਂ ਨੂੰ ਸਮਾਨ ਲੋਕਾਂ ਦੇ ਰੂਪ ਵਿਚ ਵੇਖਿਆ ਜਾਂਦਾ ਹੈ। ਦੋਵੇਂ ਸਰੀਰਕ ਇੱਛਾਵਾਂ ਦੀ ਸੇਵਾ ਕਰਦੇ ਹਨ ਅਤੇ ਪਰਮੇਸ਼ੁਰ ਦੇ ਸੱਦੇ ਦੇ ਪ੍ਰਤਿ ਜੋ ਉਨ੍ਹਾਂ ਨੂੰ ਉੱਚ ਜੀਵਨ ਵੱਲ ਲੈ ਜਾਂਦੇ ਹਨ, ਉਦਾਸੀਨ ਹੁੰਦੇ ਹਨ।

ਪੌਲੁਸ ਦੇ ਅਨੁਸਾਰ, ਪਰਮੇਸ਼ੁਰ ਨੇ ਸਾਰੀ ਝੂਠੀ ਸ਼ਾਨ, ਧਨ, ਦਾਰਸ਼ਨਿਕ ਗਿਆਨ, ਅਤੇ ਤਾਕਤ ਨੂੰ ਪੂਰੀ ਤਰ੍ਹਾਂ ਰੱਦ ਦਿੱਤਾ ਹੈ ਅਤੇ ਪਰਮੇਸ਼ੁਰ ਦੇ ਲੋਕਾਂ ਦੇ ਦੁਆਰਾ ਵੀ ਇਸ ਨੂੰ ਰੱਦ ਦਿੱਤਾ ਜਾਣਾ ਚਾਹੀਦਾ ਹੈ। ਪਰਮੇਸ਼ੁਰ ਨੇ ਆਪਣੀ ਸ਼ਕਤੀ ਨੂੰ ਪਰਗਟ ਕਰਨ ਦੇ ਲਈ ਸੰਸਾਰ ਦੇ ਕਮਜ਼ੋਰ ਤੱਤਾਂ ਨੂੰ ਚੁਣ ਲਿਆ ਹੈ (1:27)।

**ਆਇਤ 15.** ਪੌਲੁਸ ਨੇ ਕੁਝ ਲੋਕਾਂ ਵਿਚ ਜੋ **ਆਤਮਿਕ** ਅਤੇ "ਪ੍ਰਾਣਿਕ" (2:14) ਦਾ ਫਰਕ ਕੀਤਾ ਉਹ ਸਪੱਸ਼ਟ ਹੈ, ਪਰ ਉਸ ਨੇ ਇਹ ਬਿਆਨ ਨਹੀਂ ਕੀਤਾ (ਘੱਟੋ ਘੱਟ ਇਸ ਹਵਾਲੇ ਵਿਚ) ਕਿ ਕੋਈ ਇੱਕ ਸ਼੍ਰੇਣੀ ਦੇ ਵਿਚੋਂ ਦੂਸਰੀ ਦੇ ਵਿਚ ਕਿਵੇਂ ਜਾਂਦਾ ਹੈ। ਕੀ ਅਜਿਹਾ ਅੰਸ਼ ਸੰਭਵ ਹੈ? ਕੀ ਕੋਈ ਵਿਅਕਤੀ ਜਨਮ ਤੋਂ ਇੱਕ ਜਾਂ ਦੂਸਰੇ ਸਮੂਹ ਵਿਚ ਹੁੰਦਾ ਹੈ? ਕੀ ਕੋਈ ਇੱਕ ਵਿਅਕਤੀ ਜੀਵਨ ਦੇ ਇੱਕ ਰੂਪ ਵਿਚ ਸਰੀਰਕ ਅਤੇ ਦੂਸਰੇ ਵਿਚ ਆਤਮਿਕ ਹੋ ਸਕਦਾ ਹੈ? ਕੀ ਮਨੁੱਖਾਂ ਦੇ ਕੋਲ ਚੁਣਨ ਦੇ ਲਈ ਅਸਲੀ ਚੋਣਾਂ ਹਨ? ਕੀ ਉਨ੍ਹਾਂ ਦੇ ਫੈਸਲਿਆਂ ਦਾ ਉਨ੍ਹਾਂ ਦੇ ਕੁਦਰਤੀ ਜਾਂ ਆਤਮਿਕ ਫੈਸਲੇ ਲੈਣ ਵਿਚ ਕੋਈ ਹਿੱਸਾ ਹੁੰਦਾ ਹੈ? ਬੇਸ਼ੱਕ ਪੌਲੁਸ ਨੂੰ ਉਮੀਦ ਸੀ ਕਿ ਇਸ ਪੱਤ੍ਰੀ ਦਾ ਲਿਖਿਆ ਜਾਣਾ ਉਨ੍ਹਾਂ ਲੋਕਾਂ ਨੂੰ ਚੁਨੌਤੀ ਦੇਵੇਗਾ ਜਿਨ੍ਹਾਂ ਨੇ ਪ੍ਰਾਣਿਕ ਆਦਮੀ ਦਾ ਮਾਰਗ ਅਪਨਾ ਲਿਆ ਸੀ ਕਿ ਉਹ ਤੋਬਾ ਕਰਕੇ ਆਤਮਿਕ ਬਣ ਜਾਣ। ਪੌਲੁਸ ਨੇ ਕੁਰਿੰਥੁਸ ਵਿਚ ਇੰਜੀਲ ਦਾ ਪ੍ਰਚਾਰ ਕੀਤਾ ਸੀ, ਤਾਂ ਕਿ ਉਹ ਸ਼ਹਿਰ ਵਿਚਲੀ ਕਲੀਸੀਆ ਦੇ ਸੰਪਰਕ ਵਿਚ ਰਹੇ, ਅਤੇ ਉਸ ਨੇ ਤਰਕ ਕਰਨਾ ਅਤੇ ਸਲਾਹ ਦੇਣਾ ਜਾਰੀ ਰੱਖਿਆ – ਇਹ ਸਭ ਗੱਲਾਂ ਇਸ ਗੱਲ ਦੀ ਗਵਾਹੀ ਦਿੰਦੀਆਂ ਹਨ ਕਿ ਰਸੂਲ ਬਦਲਾਅ ਦੀ ਸੰਭਾਵਨਾ ਵਿਚ ਵਿਸ਼ਵਾਸ ਰੱਖਦਾ ਸੀ। ਉਸ ਨੇ ਕੋਈ ਘਟੀਆ ਦ੍ਰਿਸ਼ਟੀਕੋਣ ਨਹੀਂ ਰੱਖਿਆ। ਕੋਈ ਵੀ ਵਿਅਕਤੀ ਨਾ ਬਦਲਣਯੋਗ ਪ੍ਰਾਣਿਕ ਵਿਅਕਤੀ ਨਹੀਂ ਹੁੰਦਾ ਹੈ, ਅਤੇ ਨਾ ਹੀ ਕੋਈ ਵੀ ਵਿਅਕਤੀ ਅਪਰਿਵਰਤਨਸ਼ੀਲ ਰੂਪ ਵਿਚ ਆਤਮਿਕ ਹੁੰਦਾ

ਹੈ। ਪੌਲੁਸ ਨੇ ਆਪਣੇ ਪਾਠਕਾਂ ਤੋਂ ਇੰਜੀਲ ਦੀਆਂ ਮੰਗਾਂ ਸੁਣਨ ਦੀ, ਚੋਣਾਂ ਕਰਨ ਦੀ, ਬਦਲਣ ਅਤੇ ਉੱਨਤੀ ਕਰਨ ਦੀ ਉਮੀਦ ਕੀਤੀ ਸੀ ਤਾਂ ਕਿ ਉਹ ਆਤਮਿਕ ਲੋਕ ਬਣ ਸਕਣ।

ਜਦੋਂ ਕੋਈ ਉਸ ਦੀ ਇੱਛਾ ਦੇ ਅਨੁਸਾਰ ਚੱਲਦਾ ਹੈ ਅਤੇ ਇੰਜੀਲ ਦਾ ਪਾਲਣ ਕਰਦਾ ਹੈ, ਪਰਮੇਸ਼ੁਰ ਦਾ ਆਤਮਾ ਉਸ ਦੇ ਅੰਦਰ ਵਾਸ ਕਰਦਾ ਹੈ ਅਤੇ ਉਸ ਨੂੰ ਸ਼ਕਤੀ ਦਿੰਦਾ ਹੈ। ਪਵਿੱਤਰ ਆਤਮਾ ਦੇ ਨਾਲ ਆਪਣੇ ਸਾਥੀ ਦੇ ਰੂਪ ਵਿਚ ਰਹਿਣ ਦੇ ਦੁਆਰਾ, ਇੱਕ ਆਤਮਿਕ ਵਿਅਕਤੀ, ਇਸ ਕਾਬਲ ਹੁੰਦਾ ਹੈ ਕਿ ਉਹ ਪਰਮੇਸ਼ੁਰ ਨੂੰ ਆਦਰ ਦੇ ਸਕੇ ਅਤੇ ਪਾਪ ਦੇ ਬੋਝ ਅਤੇ ਅਪੰਗਤਾ ਨਾਸ ਕਰ ਸਕੇ। ਜੋ "ਆਤਮਿਕ" ਹੈ **ਉਹ ਸਭਨਾਂ ਗੱਲਾਂ ਦੀ ਜਾਚ ਕਰਦਾ ਹੈ।** ਇਸ ਦਾ ਅਰਥ ਇਹ ਹੈ ਕਿ, "ਸਭਨਾਂ ਗੱਲਾਂ" ਦੀ ਜਾਚ ਕਰਨ ਤੋਂ ਬਾਅਦ, ਉਹ ਚੰਗੇ ਅਤੇ ਈਸ਼ੁਰੀ ਜੀਵਨ ਨੂੰ ਚੁਣਦਾ ਹੈ। ਪ੍ਰਾਣਿਕ ਵਿਅਕਤੀ, ਆਪਣੀ ਚੋਣ ਕਰਨ ਤੋਂ ਬਾਅਦ, ਇੱਕ ਵਿਸ਼ਵਾਸੀ ਦੇ ਵਿਸ਼ਵਾਸ, ਅਨੰਦ, ਜਾਂ ਆਸ ਨੂੰ ਨਹੀਂ ਸਮਝ ਸਕਦਾ ਹੈ। ਨਤੀਜੇ ਵਜੋਂ, ਮਸੀਹੀ **ਆਪ ਕਿਸੇ ਤੋਂ ਜਾਚਿਆ ਨਹੀਂ ਜਾਂਦਾ।**

**ਆਇਤ 16.** ਇੱਕ ਸ਼ੁਰੂਆਤੀ ਵਾਕ ਤੋਂ ਬਿਨਾਂ ਜਿਵੇਂ "ਲਿਖਿਆ ਹੋਇਆ ਹੈ" (ਤੁਲਨਾ 2:9), ਪੌਲੁਸ ਨੇ 40:13 ਦਾ ਹਵਾਲਾ ਦਿੱਤਾ। 2:16 ਵਿਚ ਸ਼ਬਦ ਅਲੰਕਾਰਿਕ ਹਨ। **ਪ੍ਰਭੁ ਦੀ ਬੁੱਧੀ ਨੂੰ ਕਿਨ ਜਾਣਿਆ ਹੈ** [ਅਤੇ ਕੌਣ ਯੋਗ ਹੈ] **ਭਈ ਉਹ ਨੂੰ ਸਮਝਾਵੇ?** ਸਪੱਸ਼ਟ ਤੌਰ ਤੇ, ਕਿਸੇ ਨੂੰ ਵੀ "ਪ੍ਰਭੁ ਦੀ ਬੁੱਧੀ" ਦਾ ਪਤਾ ਨਹੀਂ ਹੈ। ਅਜਿਹੇ ਪ੍ਰਸ਼ਨਾਂ ਦੇ ਉੱਤਰ ਕਿਸੇ ਦਲੀਲਬਾਜ਼ੀ ਦੀ ਇਜਾਜ਼ਤ ਨਹੀਂ ਦਿੰਦੇ ਹਨ। ਰਸੂਲ ਨੇ ਕਿਹਾ ਕਿ ਪ੍ਰਾਣਿਕ ਆਦਮੀ ਦੇ ਲਈ, ਆਪਣੀ ਕੁਦਰਤੀ ਬੁੱਧ ਦੇ ਨਾਲ, ਆਤਮਿਕ ਆਦਮੀ ਦੇ ਮਨ, ਦਿਲ, ਅਤੇ ਆਤਮਾ ਜਾਂਚ ਸਕਣਾ ਉੱਨਾ ਹੀ ਅਸੰਭਵ ਹੈ ਜਿਵੇਂ ਕਿਸੇ ਮਨੁੱਖ ਦੇ ਲਈ ਪਰਮੇਸ਼ੁਰ ਦੇ ਮਨ ਨੂੰ ਜਾਂਚਣਾ ਅਤੇ ਉਸ ਦਾ ਸਲਾਹਕਾਰ ਬਣਨਾ ਹੋਵੇ। ਮਸੀਹੀ "ਪ੍ਰਭੁ ਦੀ ਬੁੱਧੀ" ਦੇ ਵਿਚ ਸ਼ਾਮਲ ਹੁੰਦੇ ਸਨ ਜਿਨ੍ਹਾਂ ਵਿਚ ਪਰਮੇਸ਼ੁਰ ਨੇ ਆਪਣੇ ਆਪ ਨੂੰ ਪਰਗਟ ਕਰਨ ਨੂੰ ਚੁਣਿਆ ਹੈ। ਪ੍ਰਾਣਿਕ ਵਿਅਕਤੀ ਸਿਰਫ ਆਤਮਿਕ ਸਮਝ ਵਾਲੇ ਮਨੁੱਖ ਦੇ ਮਨ ਨੂੰ ਸਮਝਣ ਦੇ ਲਈ ਨੇੜੇ ਆਵੇਗਾ ਜਿਵੇਂ ਉਹ ਪਰਮੇਸ਼ੁਰ ਦੇ ਮਨ ਨੂੰ ਜਾਣਨ ਦੇ ਲਈ ਨੇੜੇ ਹੋਵੇ।

ਯਸਾਯਾਹ ਰਾਹੀਂ ਦਿੱਤੇ ਗਏ ਹਵਾਲੇ ਤੋਂ ਬਾਅਦ ਪੌਲੁਸ ਨੇ ਜ਼ੋਰ ਦੇ ਕੇ ਕਿਹਾ, **ਪਰ ਮਸੀਹ ਦੀ ਬੁੱਧੀ ਸਾਡੇ ਵਿੱਚ ਹੈ।** ਇਹ ਇੱਕ ਦਲੇਰੀ ਭਰਿਆ ਬਿਆਨ ਸੀ। ਪਹਿਲਾ ਪੁਰਖ ਬਹੁਵਚਨ "ਸਾਡੇ" ਇਸਤੇਮਾਲ ਕਰਨ ਦੇ ਦੁਆਰਾ, ਰਸੂਲ ਨੇ ਦਿਖਾਇਆ ਕਿ ਉਹ ਖੁਦ ਨੂੰ ਸਮਝਦਾ ਹੈ ਕਿ ਉਸ ਨੇ ਕੁਰਿੰਥੀਆਂ ਦੇ ਮਸੀਹੀਆਂ ਦੇ ਨਾਲ ਇੱਕ ਸਾਂਝੀ ਆਤਮਿਕ ਸੱਚਾਈ ਨੂੰ ਪੂਰਾ ਕਰਨ ਵਿਚ ਹਿੱਸਾ ਲਿਆ ਹੈ। "ਮਸੀਹ ਦੀ ਬੁੱਧੀ" ਨੂੰ ਗ੍ਰਹਿਣ ਕਰਨ ਦੇ ਲਈ ਪਾਪ ਤੋਂ ਤੋਬਾ ਕਰਨੀ, ਸਲੀਬ ਦੇ ਹੇਠਾਂ ਆਉਣਾ, ਅਤੇ ਵਿਖਾਵੇ ਅਤੇ ਆਤਮ ਨਿਰਭਰਤਾ ਨੂੰ ਤਿਆਗਣਾ ਹੈ। ਵਿਚਾਰ ਦੇ ਮਸਲਿਆਂ ਦੇ ਵਿਸ਼ੇ ਵਿਚ ਬਹਿਸ, ਪਸੰਦੀਦਾ ਸਿੱਖਿਅਕਾਂ ਦੇ ਵਿਸ਼ੇ ਵਿਚ ਵੰਡਾਂ ਇਹ ਸਭ ਮਸੀਹ ਦੀ ਬੁੱਧੀ ਦੇ ਅਨੁਸਾਰ ਚੱਲਣਾ ਨਹੀਂ ਹੈ। ਜੇਕਰ ਕੁਰਿੰਥੀਆਂ ਦੇ ਲੋਕਾਂ ਨੂੰ ਉਨ੍ਹਾਂ ਸਮੱਸਿਆਵਾਂ ਨੂੰ ਦੂਰ ਕਰਨਾ ਸੀ ਜਿਨ੍ਹਾਂ ਨੇ ਉਨ੍ਹਾਂ ਨੂੰ ਸਤਾਇਆ ਸੀ, ਤਾਂ ਪਹਿਲਾਂ ਬਿੰਦੂ ਵਿਅਕਤੀਗਤ ਘਮੰਡ ਨੂੰ ਛੱਡ ਕੇ ਪਰਮੇਸ਼ੁਰ ਦੀ ਅਗਵਾਈ ਦੇ ਵੱਲ ਤੱਕਣਾ ਹੋਵੇਗਾ। ਇਸ ਪੱਤਰੀ ਦਾ ਕਾਫ਼ ਭਾਗ ਸ਼ੱਕੀ ਵਿਸ਼ਵਾਸਾਂ ਅਤੇ ਪ੍ਰਥਾਵਾਂ ਦੀ ਬਜਾਇ ਜੋ ਕਲੀਸੀਆ ਵਿਚ ਜਬਰਦਸਤੀ ਵੜ ਗਏ ਸਨ "ਮਸੀਹ ਦੀ ਬੁੱਧੀ" ਤੇ ਮਨ ਲਗਾਉਣ ਨੂੰ ਸਮਰਪਿਤ ਹੈ।

# ਪ੍ਰਾਸੰਗਿਕਤਾ

## ਸੰਦੇਸ਼ ਅਤੇ ਸੰਦੇਸ਼ਵਾਹਕ

ਪਰਮੇਸ਼ੁਰ ਦੁਆਰਾ ਦਿੱਤੇ ਗਏ ਗੁਣਾਂ ਦੇ ਵਿਚ, ਕੁਝ ਮਸੀਹੀ ਲੋਕਾਂ ਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਉਹ ਆਪਣੇ ਆਪ ਨੂੰ ਚੰਗੇ ਤਰੀਕੇ ਦੇ ਨਾਲ ਪੇਸ਼ ਕਰ ਸਕਦੇ ਹਨ; ਉਹ ਪ੍ਰਭਾਵਸ਼ਾਲੀ ਬੁਲਾਰੇ ਹਨ। ਇੰਜੀਲ ਦਾ ਸੰਦੇਸ਼, ਜ਼ਿਆਦਾਤਰ, ਬੋਲਣ ਵਾਲਾ ਸੰਦੇਸ਼ ਹੁੰਦਾ ਹੈ, ਅਤੇ ਸਿੱਖਿਆ ਅਤੇ ਪ੍ਰੇਰਣਾ ਮਸੀਹ ਵਿਚ ਪ੍ਰੌੜ੍ਹਤਾ ਤੱਕ ਪਹੁੰਚਣ ਦੇ ਲਈ ਬੁਨਿਆਦੀ ਗੱਲਾਂ ਹਨ, ਇਸ ਲਈ ਕਲੀਸੀਆ ਉਨ੍ਹਾਂ ਲੋਕਾਂ ਦੇ ਉੱਤੇ ਨਿਰਭਰ ਕਰਦੀ ਹੈ ਜੋ ਮਸੀਹ ਅਤੇ ਸਲੀਬ ਦੇ ਵਿਸ਼ੇ ਦੀ ਸੱਚਾਈ ਨੂੰ ਸਪੱਸ਼ਟ ਤੌਰ ਤੇ ਬੋਲ ਸਕਦੇ ਹਨ, ਜੋ ਮਸੀਹੀਆਂ ਨੂੰ ਪ੍ਰੇਰਣਾ ਦੇਣ ਅਤੇ ਮਜ਼ਬੂਤ ਬਣਾਉਣ ਦੇ ਯੋਗ ਹੈ। ਹਰ ਜੁੱਗ ਦੀ ਕਲੀਸੀਆ ਨੇ ਆਪਣੇ ਸਿੱਖਿਅਕਾਂ ਅਤੇ ਪ੍ਰਚਾਰਕਾਂ ਦੇ ਦੁਆਰਾ ਬਰਕਤ ਪਾਈ ਹੈ। ਇਸ ਦੇ ਉਲਟ, ਕਲੀਸੀਆ ਹਮੇਸ਼ਾ ਉਨ੍ਹਾਂ ਲੋਕਾਂ ਦੇ ਦੁਆਰਾ ਸਰਾਪਤ ਹੋਈ ਹੈ ਜੋ ਪਰਮੇਸ਼ੁਰ ਦੁਆਰਾ ਦਿੱਤੇ ਗਏ ਆਪਣੇ ਗੁਣਾਂ ਨੂੰ ਆਪਣੇ ਖੁਦ ਦੇ ਉਦੇਸ਼ਾਂ ਨੂੰ ਪੂਰਾ ਕਰਨ ਦੇ ਲਈ ਇਸਤੇਮਾਲ ਕਰਨਾ ਚਾਹੁੰਦੇ ਹਨ।

ਮਸੀਹੀਆਂ ਨੂੰ ਵਧੀਆ ਬੋਲਣ ਵਾਲਿਆਂ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ। ਸਨਮਾਨ ਉਸ ਵਿਅਕਤੀ ਦਾ ਹੁੰਦਾ ਹੈ ਜੋ ਬੋਲਣ ਦੇ ਹੁਨਰ ਨੂੰ ਵਿਕਸਿਤ ਕਰਦਾ ਹੈ ਅਤੇ ਉਸ ਨੂੰ ਸੱਚਾਈ ਦੀ ਤਰੱਕੀ ਦੇ ਲਈ ਇਸਤੇਮਾਲ ਕਰਦਾ ਹੈ। ਮਸੀਹੀਆਂ ਨੂੰ ਵੀ ਗੰਭੀਰਤਾ ਦੇ ਨਾਲ, ਉਨ੍ਹਾਂ ਨੂੰ ਸਮਝ ਦੇ ਨਾਲ ਸੁਣਨ ਦੀ ਲੋੜ ਹੁੰਦੀ ਹੈ। ਇਹ ਜ਼ਰੂਰੀ ਨਹੀਂ ਹੈ ਕਿ ਇੱਕ ਸੁੰਦਰਤਾ ਦੇ ਨਾਲ ਦਿੱਤਾ ਗਿਆ ਅਤੇ ਮਨੋਰੰਜਕ ਸੰਦੇਸ਼ ਸੱਚਾਈ ਨੂੰ ਪਰਗਟਾਉਂਦਾ ਹੋਵੇ। ਵਧੀਆ ਤਰੀਕੇ ਦੇ ਨਾਲ ਮਸੀਹ ਦੀ ਸੇਵਾ ਕਰਨ ਦੇ ਲਈ, ਉਨ੍ਹਾਂ ਲੋਕਾਂ ਨੂੰ ਜੋ ਪਰਮੇਸ਼ੁਰ ਦੇ ਵਚਨ ਦੀ ਸਿੱਖਿਆ ਦਿੰਦੇ ਹਨ ਉਨ੍ਹਾਂ ਨੂੰ ਗਿਆਨਵਾਨ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਜ਼ਰੂਰ ਬਾਈਬਲ ਦੇ ਵਿਸ਼ੇ ਵਿਚ ਜਾਣਨਾ ਚਾਹੀਦਾ ਹੈ ਅਤੇ ਉਸ ਦੀ ਅਗਵਾਈ ਤੇ ਭਰੋਸਾ ਰੱਖਣਾ ਚਾਹੀਦਾ ਹੈ। ਗਿਆਨ ਪ੍ਰਾਪਤ ਕਰਨਾ ਅਤੇ ਸ਼ਬਦਾਂ ਦੇ ਨਾਲ ਚੱਲਣਾ ਕਾਫੀ ਨਹੀਂ ਹੈ। ਇੱਕ ਮਸੀਹੀ ਸਿੱਖਿਅਕ ਨੂੰ ਦਿਲ ਤੋਂ ਬੋਲਣਾ ਚਾਹੀਦਾ ਹੈ। ਸੱਚਾਈ ਅਤੇ ਨਿਜੀ ਵਚਨਬੱਧਤਾ ਦਾ ਕੋਈ ਇਵਜ਼ ਨਹੀਂ ਹੋ ਸਕਦਾ ਹੈ।

ਸਿੱਖਿਅਕ ਦੱਸਦੇ ਹਨ ਕਿ ਵਿਦਿਆਰਥੀ ਉਨ੍ਹਾਂ ਸਿੱਖਿਅਕਾਂ ਤੋਂ ਪ੍ਰੇਰਿਤ ਅਤੇ ਪ੍ਰਭਾਵਿਤ ਹੁੰਦੇ ਹਨ ਜੋ ਆਪਣਿਆਂ ਵਿਸ਼ਿਆਂ ਦੇ ਵਿਚ ਸਰਗਰਮ ਹੁੰਦੇ ਹਨ। ਇੱਕ ਮਸੀਹੀ ਸਿੱਖਿਅਕ ਨੂੰ ਸਿਰਫ ਇੰਜੀਲ ਦੇ ਪ੍ਰਤਿ ਜੋਸ਼ੀਲਾ ਹੀ ਨਹੀਂ, ਸਗੋਂ ਖੁਦ ਵੀ ਉਸ ਦੇ ਅਨੁਸਾਰ ਜੀਵਨ ਗੁਜ਼ਾਰਨ ਦੇ ਲਈ ਵੀ ਵਚਨਬੱਧ ਹੋਣਾ ਚਾਹੀਦਾ ਹੈ। ਉਸ ਨੂੰ ਪਵਿੱਤਰ ਹੋਣਾ ਚਾਹੀਦਾ ਹੈ। ਜਦੋਂ ਇਕੋ ਵਿਅਕਤੀ ਦੇ ਅੰਦਰ ਚਰਿੱਤਰ ਅਤੇ ਗਿਆਨ ਇਕਜੁੱਟ ਹੋ ਜਾਂਦੇ ਹਨ, ਅਤੇ ਜਦੋਂ ਉਹ ਬੋਲਣ ਦੇ ਹੁਨਰ ਦੇ ਨਾਲ ਮਿਲ ਜਾਂਦੇ ਹਨ, ਤਾਂ ਸਵਰਗ ਦਾ ਰਾਜ ਬਰਕਤ ਪਾਉਂਦਾ ਹੈ। ਬਾਈਬਲ ਦੇ ਮਹਾਨ ਸਿੱਖਿਅਕ ਸਿਰਫ ਇਸ ਗੱਲ ਤੇ ਹੀ ਨਿਰਭਰ ਨਹੀਂ ਹੁੰਦੇ ਹਨ ਕਿ ਉਹ ਚੰਗੇ ਬੁਲਾਰੇ ਹੋਣ। ਉਨ੍ਹਾਂ ਨੇ ਆਪਣੇ ਸਰੋਤਿਆਂ ਨੂੰ ਸਿਰਫ ਆਪਣੀਆਂ ਗੱਲਾਂ ਦੇ ਦੁਆਰਾ ਹੀ ਨਹੀਂ, ਸਗੋਂ ਇਸ ਗੱਲ ਤੋਂ ਵੀ ਪ੍ਰਭਾਵਿਤ ਕੀਤਾ ਕਿ ਉਹ ਕਿਹੋ ਜਿਹੇ ਮਨੁੱਖ ਸਨ। ਉਨ੍ਹਾਂ ਲੋਕਾਂ ਦੇ ਵਿਚਕਾਰ ਚੋਣ ਕੀਤੀ ਜਾਣੀ ਚਾਹੀਦੀ ਹੈ ਜੋ ਸੱਚ ਬੋਲਦੇ ਹਨ ਅਤੇ ਬੋਲਣ ਦੇ ਹੁਨਰ ਦੇ ਦੁਆਰਾ ਲੋਕਾਂ ਨੂੰ ਅਚਰਜ ਕਰਦੇ ਅਤੇ ਉਨ੍ਹਾਂ ਨੂੰ ਨਿਹਾਲ ਕਰਦੇ ਹਨ, ਤਾਂ ਕਲੀਸੀਆ ਸੱਚਾਈ ਨੂੰ ਚੁਣਨ ਦੇ ਦੁਆਰਾ ਬਰਕਤ ਪਾਵੇਗੀ।

ਪੌਲੁਸ ਦੇ ਅਲੋਚਕਾਂ ਨੇ ਸਪੱਸ਼ਟ ਰੂਪ ਵਿਚ ਉਸ ਦੇ ਕਾਬਲੀਅਤ ਦੇ ਪੱਧਰ ਵਿਚ ਨੁਕਸ ਲੱਭੇ। ਹੋਰਨਾਂ ਨੇ ਉਸ ਦੇ ਹੁਨਰ ਅਤੇ ਬੋਲਣ ਦੀ ਨਿਪੁਣਤਾ ਤੇ ਅਚਰਜ ਕੀਤਾ (2 ਕੁਰਿੰਥੀਆਂ 10:10; 11:6)। ਪੌਲੁਸ ਨੇ ਦੁਨੀਆਂ ਦੇ ਉੱਤੇ ਪ੍ਰਭਾਵ ਪਾਇਆ ਕਿਉਂਕਿ ਉਸ ਦੇ ਦਿਲ ਵਿਚ ਪਵਿੱਤਰ ਆਤਮਾ ਦੀ ਅੱਗ ਬਲ ਰਹੀ ਸੀ। ਉਹ ਮਸੀਹ ਅਤੇ ਸਲੀਬ ਵਿਚ ਲੀਨ ਹੋ ਗਿਆ ਸੀ। ਉਸ ਨੇ ਆਪਣੇ ਆਪ ਨੂੰ ਇੱਕ ਅਜਿਹਾ ਵਿਅਕਤੀ ਬਣਾਇਆ ਸੀ ਜਿਸ ਤਰ੍ਹਾਂ ਦੇ ਬਣਨ ਲਈ ਉਹ ਦੂਸਰਿਆਂ ਨੂੰ ਬੇਨਤੀ ਕਰਦਾ ਸੀ। ਅੱਜ ਦੀ ਕਲੀਸੀਆ ਉਸ ਸਮੇਂ ਬਰਕਤ ਪਾਵੇਗੀ ਜਦੋਂ ਇਸ ਦੇ ਸਿੱਖਿਅਕ ਅਤੇ ਪ੍ਰਚਾਰਕ ਸੱਚਾਈ ਨੂੰ ਜਾਣਨਗੇ, ਆਪਣੇ ਖੁਦ ਦੇ ਜੀਵਨਾਂ ਦੇ ਲਈ ਇਸ ਨੂੰ ਅਪਨਾਉਣਗੇ, ਅਤੇ ਫਿਰ ਆਪਣੇ ਸਾਥੀਆਂ ਨੂੰ ਸਹੀ ਢੰਗ ਦੇ ਨਾਲ ਸੱਚਾਈ ਦੱਸਣਗੇ।

### ਇੱਕ ਆਤਮਿਕ ਵਿਅਕਤੀ ਹੋਣ ਦੇ ਨਾਤੇ (2:15)

ਮਸੀਹੀਆਂ ਦੀ ਭਾਸ਼ਾ ਵਿਚ "ਆਤਮਿਕ" ਨਾਲੋਂ ਵੱਧ ਕੇ ਕੁਝ ਸ਼ਬਦ ਸੁਣੇ ਜਾਂਦੇ ਹਨ। ਪੌਲੁਸ ਨੇ 1 ਕੁਰਿੰਥੀਆਂ 2:15 ਅਤੇ ਗਲਾਤੀਆਂ 6:1 ਵਿਚ ਉਨ੍ਹਾਂ ਲੋਕਾਂ ਦੀ ਸ਼ਲਾਘਾ ਕੀਤੀ ਜੋ ਆਤਮਿਕ ਸਨ। ਮਸੀਹੀਆਂ ਦੇ ਲਈ ਆਤਮਿਕ ਹੋਣਾ ਇੱਕ ਯੋਗ ਉਦੇਸ਼ ਹੈ, ਪਰ ਇਸ ਸ਼ਬਦ ਦਾ ਅਸਾਨੀ ਦੇ ਨਾਲ ਗਲਤ ਉਪਯੋਗ ਕੀਤਾ ਜਾਂਦਾ ਹੈ। ਸਾਰੇ ਲੋਕ ਆਤਮਿਕ ਹੋਣ ਦਾ ਨਿਰਣਾ ਕਰਦੇ ਹਨ ਪਰ ਉਹ ਸਾਰੇ ਧਰਮੀ ਨਹੀਂ ਹੁੰਦੇ ਹਨ।

ਭਾਵੇਂ ਨਾਂਵ "ਆਤਮਿਕਤਾ," ਸ਼ਾਇਦ ਲਾਭਦਾਇਕ ਹੈ, ਪਰ ਇਹ ਬਾਈਬਲ ਵਿਚ ਨਹੀਂ ਮਿਲਦਾ ਹੈ। ਬਾਈਬਲ ਦੇ ਲੇਖਕ ਆਤਮਿਕਤਾ ਦੇ ਮੂਲ ਗੁਣਾਂ ਦੇ ਅਧੀਨ ਧਾਰਮਿਕ ਜੀਵਨ ਦੀ ਗੱਲ ਨਹੀਂ ਕਰਦੇ ਹਨ। ਇੱਥੋਂ ਤਕ ਕਿ ਵਿਸ਼ੇਸ਼ਣ "ਆਤਮਿਕ" ਸ਼ਾਇਦ ਹੀ ਕਦੀ ਲੋਕਾਂ ਦਾ ਵਰਣਨ ਕਰਨ ਦੇ ਲਈ ਇਸਤੇਮਾਲ ਕੀਤਾ ਜਾਂਦਾ ਹੈ। ਇੱਕ ਦਾਨ (ਰੋਮੀਆਂ 1:11) ਜਾਂ ਸ਼ਰਾ (ਰੋਮੀਆਂ 7:14) ਆਤਮਿਕ ਹੋ ਸਕਦੀ ਹੈ। ਕੁਝ ਅਸੀਸਾਂ ਅਤੇ ਬੰਦਗੀਆਂ ਆਤਮਿਕ ਹਨ, ਜਿਵੇਂ ਸੱਚਾਈ (ਰੋਮੀਆਂ 12:1; 15:27)। ਪਵਿੱਤਰ ਬਾਈਬਲ ਕਦੀ ਵੀ ਇੱਕ ਇਕੱਲੇ ਵਿਅਕਤੀ ਨੂੰ ਇਹ ਨਹੀਂ ਕਹਿੰਦੀ ਕਿ, "ਉਹ ਆਤਮਿਕ ਹੈ," ਭਾਵੇਂ ਕਈ ਵਾਰ ਸਮੂਹਿਕ ਤੌਰ ਤੇ ਇਹ ਸ਼ਬਦ ਮਸੀਹੀਆਂ ਦੇ ਲਈ ਵਰਤਿਆ ਜਾਂਦਾ ਹੈ।

ਪੌਲੁਸ ਨੇ ਕਦੀ ਵੀ ਸਿਰਫ ਇਸ ਆਧਾਰ ਤੇ ਕਿ ਕੋਈ ਇਸਤਰੀ ਜਾਂ ਪੁਰਖ ਕਿਸ ਤਰ੍ਹਾਂ ਬੋਲਦਾ ਹੈ ਉਸ ਦੇ ਆਤਮਿਕ ਹੋਣ ਦਾ ਨਿਰਣਾ ਨਹੀਂ ਦਿੱਤਾ। ਆਤਮਿਕ ਹੋਣ ਦੇ ਲਈ ਇਹ ਗੱਲ ਕੋਈ ਮਾਇਨੇ ਨਹੀਂ ਰੱਖਦੀ ਕਿ ਕੋਈ ਮਨੁੱਖ ਆਪਣੇ ਭਾਸ਼ਣ ਵਿਚ ਕਿੰਨੀ ਵਾਰ "ਯਿਸੂ" ਸ਼ਬਦ ਦਾ ਇਸਤੇਮਾਲ ਕਰਦਾ ਹੈ ਜਾਂ ਉਹ ਕਿੰਨੀ ਵਾਰ "ਪ੍ਰਭੂ ਦੀ ਸਤੂਤੀ ਹੋ!" ਕਹਿੰਦਾ ਹੈ। ਇੱਕ ਆਤਮਿਕ ਆਦਮੀ ਜਾਂ ਇਸਤਰੀ ਵਿਸ਼ਵਾਸੀਆਂ ਦੇ ਸਮਾਜ ਵਿਚ ਆਸ ਅਤੇ ਅਨੰਦ ਨੂੰ ਪ੍ਰਾਪਤ ਕਰਦਾ ਹੈ। ਆਤਮਿਕ ਵਿਚ ਇੱਕ ਸਮੂਹਿਕ ਗੁਣਵੱਤਤਾ ਭਰੀ ਹੁੰਦੀ ਹੈ। ਇੱਕ ਆਤਮਿਕ ਵਿਅਕਤੀ ਇੱਕ ਸੱਚਾ ਵਿਅਕਤੀ ਹੁੰਦਾ ਹੈ। ਉਹ ਪ੍ਰਾਰਥਨਾ ਦੇ ਇੱਕ ਪਲ ਜਾਂ ਆਪਣੇ ਕਿਸੇ ਮਿੱਤਰ ਦੇ ਲਈ ਛੋਟੀ ਜਿਹੀ ਮਿਹਰ ਪ੍ਰਾਪਤ ਕਰਨ ਵਿਚ ਖੁਸ਼ੀ ਨੂੰ ਪਰਾਪਤ ਕਰਨਾ ਸਿਖ ਲੈਂਦਾ ਹੈ। ਮਸੀਹ ਵਿਚ ਵਿਸ਼ਵਾਸ ਆਤਮਿਕ ਜੀਵਨ ਦਾ ਅਨੁਪਾਤ ਨਹੀਂ ਹੈ; ਇਹ ਇਸ ਜੀਵਨ ਦੇ ਦਿਲ ਵਿਚ ਹੈ। ਪ੍ਰਾਰਥਨਾ ਕਰਨਾ ਸਾਹ ਲੈਣ ਦੇ ਸਮਾਨ ਸਧਾਰਣ ਹੈ। ਇੱਕ ਆਤਮਿਕ ਵਿਅਕਤੀ ਮਸੀਹ ਦੇ ਵਿਸ਼ੇ ਵਿਚ ਇੰਨਾ ਸੁਭਾਵਿਕ ਤੌਰ ਤੇ ਬੋਲਦਾ ਹੈ ਜਿਵੇਂ ਇੱਕ ਪ੍ਰਸ਼ੰਸਕ ਆਪਣੀ ਪਸੰਦੀਦਾ ਖਿਡਾਰੀ ਟੀਮ ਦੇ ਵਿਸ਼ੇ ਵਿਚ ਬੋਲਦਾ ਹੈ। ਆਤਮਿਕ ਹੋਣਾ

ਮਸੀਹ ਨੂੰ ਅਪਣਾਉਣਾ ਹੈ, ਉਸ ਦੇ ਵਚਨ ਤੇ ਭਰੋਸਾ ਰੱਖਣਾ, ਉਸ ਦੇ ਲੋਕਾਂ ਨੂੰ ਪਿਆਰ ਕਰਨਾ, ਅਤੇ ਉਸ ਦੇ ਲੋਕਾਂ ਦੇ ਨਾਲ ਮਿਲ ਕੇ ਬੰਦਗੀ ਕਰਨਾ ਹੈ।

**ਅੰਦਰੂਨੀ ਗਿਆਨ (2:15)**

ਪੌਲੁਸ ਨੇ ਜੋ ਪ੍ਰਾਇਕ ਮਨੁੱਖ ਅਤੇ ਆਤਮਿਕ ਮਨੁੱਖ ਵਿਚ ਜੋ ਭੇਦ ਕੀਤੇ ਹਨ ਉਹ ਦੱਸਦੇ ਹਨ ਕਿ ਕੁਝ ਆਤਮਿਕ ਤੱਥਾਂ ਨੂੰ ਸਿਰਫ ਮਸੀਹੀ ਵਿਸ਼ਵਾਸ ਦੇ ਵਿਚੋਂ ਹੋ ਕੇ ਹੀ ਸਮਝਿਆ ਜਾ ਸਕਦਾ ਹੈ। ਇੱਕ ਵਿਅਕਤੀ ਜੋ ਬਾਹਰ ਖੜਾ ਹੈ, ਜੋ ਪਰਮੇਸ਼ੁਰ ਦੇ ਪ੍ਰਤਿ ਅਸਮਰਪਿਤ ਹੈ ਜਾਂ ਉਸ ਦਾ ਵਿਰੋਧੀ ਹੈ, ਬਹੁਤ ਘੱਟ, ਅਤੇ ਸ਼ਾਇਦ ਨਹੀਂ ਜਾਣ ਸਕਦਾ ਕਿ ਜੋ ਲੋਕ ਮਸੀਹ ਵਿਚ ਮੁਕਤੀ ਪਾਉਂਦੇ ਹਨ ਉਹ ਮਸੀਹ ਵਿਚ ਕੀ ਜਾਣਦੇ ਹਨ।

ਕੀ ਇਹ ਸੱਚ ਹੈ ਕਿ ਕੁਝ ਮਸੀਹੀ ਸੱਚਾਈਆਂ ਨੂੰ ਸਿਰਫ ਉਨ੍ਹਾਂ ਦੇ ਵਿਚ ਹਿੱਸਾ ਲੈਣ ਦੇ ਦੁਆਰਾ ਹੀ ਮਹਿਸੂਸ ਕੀਤਾ ਜਾ ਸਕਦਾ ਹੈ? ਉਦਾਹਰਣ ਦੇ ਲਈ, ਮੰਨ ਲਵੋ ਕਿ ਇੱਕ ਵਿਅਕਤੀ ਨੇ ਆਪਣਾ ਸਾਰਾ ਜੀਵਨ ਇਸ ਗੱਲ ਦੇ ਅਧਿਐਨ ਅਤੇ ਖੋਜ ਵਿਚ ਲਗਾ ਦਿੱਤਾ ਹੈ ਕਿ ਮੱਛੀ ਦੇ ਗਲਫੜੇ ਕਿਵੇਂ ਪਾਣੀ ਵਿਚੋਂ ਆਕਸੀਜਨ ਨੂੰ ਕੱਢਦੇ ਹਨ, ਤਾਂ ਕਿ ਉਹ ਇਸ ਪ੍ਰਕਿਰਿਆ ਦੇ ਵਿਸ਼ੇ ਤੇ ਅਤੇ ਗਲਫੜਿਆਂ ਦੇ ਟਿਸ਼ੂ ਦੇ ਵਿਸ਼ੇ ਤੇ ਇੱਕ ਵਿਸ਼ਵ-ਪ੍ਰਸਿੱਧ ਮਾਹਿਰ ਬਣ ਜਾਵੇ। ਜੇਕਰ ਕਿਸੇ ਤਰ੍ਹਾਂ ਉਸ ਵਿਅਕਤੀ ਨੂੰ ਇੱਕ ਮੱਛੀ ਬਣਨ ਦੀ ਇਜਾਜ਼ਤ ਦਿੱਤੀ ਜਾਵੇ ਅਤੇ ਫਿਰ ਮਨੁੱਖ ਦੇ ਰੂਪ ਵਿਚ ਬਦਲਣ ਦਿੱਤਾ ਜਾਵੇ ਤਾਂ ਕੀ ਹੋਵੇਗਾ? ਕੋਈ ਵਿਅਕਤੀ ਇਸ ਗੱਲ ਦਾ ਅੰਦਾਜ਼ਾ ਲਗਾ ਸਕਦਾ ਹੈ ਕਿ ਅਜਿਹਾ ਇੱਕ ਵਿਗਿਆਨਿਕ ਇੱਕ ਮੱਛੀ ਬਣਨ ਦੇ ਤਜ਼ਰਬੇ ਤੋਂ ਅਜਿਹੀਆਂ ਗੱਲਾਂ ਸਿਖ ਸਕਦਾ ਹੈ ਜੋ ਦਹਾਕਿਆਂ ਦਾ ਸਿਧਾਂਤਕ ਅਧਿਐਨ ਕਦੀ ਵੀ ਪ੍ਰਦਾਨ ਨਹੀਂ ਕਰ ਸਕਦਾ ਸੀ।

ਉਸੇ ਤਰ੍ਹਾਂ, ਬਾਈਬਲ ਦੀ ਨੈਤਿਕ ਸਿੱਖਿਆ ਜਾਂ ਇਤਿਹਾਸਕ ਵਿਵਰਣ – ਡੂੰਘਾ, ਗੰਭੀਰ, ਅਤੇ ਉਪਯੋਗੀ ਹੋ ਸਕਦੇ ਹਨ – ਪਰ ਉਹ ਮਸੀਹ ਵਿਚ ਵਿਸ਼ਵਾਸ ਕਰਨ ਦੇ ਸਮਾਨ ਨਹੀਂ ਹੋ ਸਕਦੇ ਹਨ। ਅੰਦਰੂਨੀ ਸ਼ਾਂਤੀ, ਬਹੁਤ ਹੀ ਵੱਡੀਆਂ ਮੁਸ਼ਕਲਾਂ ਦੇ ਬਾਵਜੂਦ ਆਸ, ਵਿਸ਼ਵਾਸੀਆਂ ਦੀ ਸੰਗਤ, ਅਤੇ ਚੰਗੇ ਨੂੰ ਚੁਣ ਕੇ ਜਨਮ ਲੈਣ ਦੀ ਸੰਤੁਸ਼ਟੀ ਇਹ ਸਭ ਵਿਅਕਤੀਗਤ ਮਾਮਲੇ ਹਨ ਜਿਨ੍ਹਾਂ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਮੁਸ਼ਕਲ ਹੈ। ਮਸੀਹੀਆਂ ਦੇ ਲਈ ਆਪਣੇ ਵਿਸ਼ਵਾਸ ਦੇ ਆਕਰਸ਼ਣ ਨੂੰ ਗੈਰ-ਮਸੀਹੀਆਂ ਨੂੰ ਸਮਝਾਉਣਾ ਮੁਸ਼ਕਲ ਹੁੰਦਾ ਹੈ ਕਿਉਂਕਿ ਕੁਝ ਸੱਚਾਈਆਂ ਨੂੰ ਵਿਸ਼ਵਾਸ ਦੇ ਘੇਰੇ ਵਿਚ ਰਹਿ ਕੇ ਹੀ ਸਮਝਿਆ ਜਾ ਸਕਦਾ ਹੈ।

---

ਟਿੱਪਣੀਆਂ

[1]ਹੰਸ-ਰਿਊਡੀ ਵੇਬਰ, *ਦ ਕਰੌਸ: ਟ੍ਰੇਡੀਸ਼ਨ ਐਂਡ ਇੰਟਰਪ੍ਰਿਟੇਸ਼ਨ,* ਅਨੁਵਾਦ ਐਲਕੇ ਜੈਸੇਟ (ਲੰਡਨ: SPCK, 1979; ਮੁੜ ਛਾਪਿਆ ਸੰਸਕਰਣ, ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1979), 73. [2]ਰਿਚਰਡ ਈ. ਓਸਟਰ, ਜੂਨੀਅਰ, *1 ਕੁਰਿੰਥੀਅਨਜ਼,* ਦ ਕਾਲਜ ਪ੍ਰੈਸ NIV ਕਮੈਂਟਰੀ (ਜੋਪਲਿਨ, ਮਿਸੂਰੀ: ਕਾੱਲਜ ਪ੍ਰੈਸ ਪਬਲਿਸ਼ਿੰਗ ਕੰਪਨੀ, 1995), 81. [3]ਸਿਰਾਚ 15:14-17; NAB. (ਇਹ ਮੂਲ ਲਿਖਤ, ਨੂੰ “ਵਿਜ਼ਡਮ ਆਫ਼ ਬੈਨ ਸਿਰਾਚ” ਜਾਂ “ਐਕਲੇਸੀਆਸਟਿਕਸ” ਵਜੋਂ ਜਾਣਿਆ ਜਾਂਦਾ ਹੈ ਜੋ ਐਪੋਕ੍ਰਿਫਾ ਦਾ ਭਾਗ ਹੈ।) [4]ਲੀਓਨ ਮੌਰਿਸ, *ਦ ਫਸਟ ਏਪਿਸਟਲ ਆਫ਼ ਪੌਲ ਟੂ ਦ ਕੁਰਿੰਥੀਅਨਜ਼,* ਸੋਧ ਅਤੇ ਸੰਪਾਦਨ, ਟਿੰਡਲ ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ

ਕੰਪਨੀ, 1985), 56. [5]ਪੌਲ ਐੱਸ. ਮੀਨੇਰ, "ਕ੍ਰਾਈਸਟ ਐਂਡ ਦ ਕੰਗਰੀਗੇਸ਼ਨ: 1 ਕੁਰਿੰਥੀਅਨਜ਼ 5-6" ਰੀਵੀਊ ਐਂਡ ਐਕਪੋਜ਼ਿਟਰ, *ਸਮੀਖਿਆ ਅਤੇ ਵਿਆਖਿਆ* 80 (ਸਮਰ 1983): 349. [6]ਵਾਲਟਰ ਬਾਯਰ, *ਏ ਗ੍ਰੀਕ-ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚੀਅਨ ਲਿਟਰੇਚਰ*, ਜਿਲਦ ਤੀਜੀ, ਸੋਧ ਅਤੇ ਸੰਪਾਦਨ ਫ੍ਰੇਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 953. [7]ESV ਵਿਚ "ਉਨ੍ਹਾਂ ਲਈ ਜਿਹੜੇ ਰੂਹਾਨੀ ਹਨ ਰੂਹਾਨੀ ਸਿਚਆਈਆਂ ਦੀ ਵਿਆਖਿਆ ਕਰਨੀ" ਹੈ। [8]ਰੌਬਰਟ ਐੱਚ. ਸਟੀਨ, *ਏ ਬੈਸਿਕ ਗਾਇਡ ਟੂ ਇੰਟਰਪ੍ਰੀਟਿੰਗ ਦ ਬਾਈਬਲ: ਪਲੇਇੰਗ ਬਾਏ ਦ ਰੂਲਜ਼* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁੱਕਸ, 1994), 66-67.